ISSN 0972-2335

# ਅੰਮ੍ਰਿਤ ਕੀਰਤਨ



**ਮਾਰੂ ਮਹਲਾ ੫ ॥**

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ
ਜੈਸੀ ਅਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥

**ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ**

**ਸੰਪਾਦਕ**
**ਡਾ. ਜਾਗੀਰ ਸਿੰਘ**

**ਜੂਨ 2024**

ਮੁੱਲ 15/-



## ਚਿੱਤ ਰਹਿੰਵਦਾ ਉਦਾਸ ਹੈ

ਮੁਸਾਫਰ ਹਾਂ ਅਨਜਾਣ, ਕੀਤਾ ਕਦੇ ਨਹੀਂ ਮਾਣ,
ਨਾਂਹੀ ਹੋਵੇ ਕੋਈ ਤਾਣ, ਪ੍ਰੇਮ ਸਦਾ ਸੰਗ ਬਾਸ ਹੈ।

ਜਿੱਥੇ ਰੱਖੇਂ ਤਿੱਥੇ ਰਹੀਏ, ਜਿੱਥੇ ਭੇਜੇਂ ਉੱਥੇ ਜਾਈਏ,
ਕਿੰਤੂ ਮੂਲ ਨਹੀਂ ਕਰੀਏ, ਭਾਣੇ ਵਿਚ ਰਹਿਣਾ ਰਾਸ ਹੈ।

ਗ੍ਰਹਸਤੀਆਂ ਦੇ ਵਾਂਗ, ਅਸਾਂ ਧਾਰਿਆਂ ਏ ਸਾਰਾ ਕੁੱਝ,
ਕਿਉਂ ਜੇ ਕੁਲ ਦੀ ਏ ਮੰਗ, ਚਿੱਤ ਰਹਿੰਵਦਾ ਉਦਾਸ ਹੈ।

ਬਖਸ਼ ਦੇਉ ਨਾਮ, ਪੂਰਣ ਹੋਤ ਸਭੀ ਕਾਮ,
ਬਿਨੈ ਕਰੀਏ ਸੁਬਾਹ ਸ਼ਾਮ, ਸੱਚੇ ਸਾਈਂ ਜੀ ਦੇ ਪਾਸ ਹੈ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਚਿੱਤ ਰਹਿੰਦਵਾ ਉਦਾਸ ਹੈ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਚਿੜੀ ਵਿਚਾਰੀ ਕੀ ਕਰੇ। 2

ਡਾ. ਹਰਿਭਜਨ ਸਿੰਘ ਦਾ ਸਿੱਖ ਚਿੰਤਨ
ਡਾ. ਪਰਮਜੀਤ ਸਿੰਘ ਸੋਹਲ 4

ਭਗਤ ਰਵਿਦਾਸ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ
ਅਜੈਪਾਲ ਸਿੰਘ ਚਵਿੰਡਾ 12

ਵਿਰਾਸਤੀ ਪੰਜਾਬੀ ਸੰਗੀਤ ਨੂੰ ਪਰਨਾਇਆ
ਗਾਇਕ ਦੇਵ ਦਿਲਦਾਰ
ਗੁਰਦੀਪ ਕੌਰ 14

ਮਨਮੋਹਨ ਸਿੰਘ ਦਾਊਂ ਦੀ ਅਨੂਪਮ ਸਿਰਜਣਾ 'ਧਰਤੀ ਦੀ ਕੰਬਣੀ'
ਡਾ. ਕਰਨੈਲ ਸਿੰਘ ਸੋਮਲ 19

ਸੁਰਲਿਪੀ ਰਾਗ ਪ੍ਰਦੀਪਕੀ ਅਥਵਾ ਪਟਦੀਪਕੀ
ਗੁਰਬਖਸ ਸਿੰਘ ਟਾ-3-4


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਚਿੜੀ ਵਿਚਾਰੀ ਕੀ ਕਰੇ।

ਇਕ ਸੀ ਚਿੜੀ।ਉਸ ਨੂੰ ਇੱਕ ਦਾਣਾ ਲੱਭਾ।ਉਹ ਦਾਣਾ ਲੈ ਕੇ ਆਪਣੇ ਆਹਲਣੇ ਵੱਲ ਜਾ ਰਹੀ ਸੀ ਕਿ ਦਾਣਾ ਡਿੱਗ ਪਿਆ ਅਤੇ ਇੱਕ ਰੁੱਖ ਦੇ ਖੋੜ ਜਾ ਫਸਿਆ।ਚਿੜੀ ਨੇ ਰੁੱਖ ਨੂੰ ਕਿਹਾ ਉਹ ਦਾਣਾ ਦੇ ਦੇਵੇ।ਰੁੱਖ ਨੇ ਇਨਕਾਰ ਕਰ ਦਿੱਤਾ।

ਰੁੱਖ ਦਾਣਾ ਦੇਵੇ ਨਾ,
ਚਿੜੀ ਵਿਚਾਰੀ ਕੀ ਕਰੇ,
ਠੰਢਾ ਪਾਣੀ ਪੀ ਮਰੇ?

ਚਿੜੀ ਇੱਕ ਤਰਖਾਣ ਕੋਲ ਗਈ ਤੇ ਉਸ ਨੂੰ ਰੁੱਖ ਵੱਢਣ ਲਈ ਕਿਹਾ, ਪਰ ਤਰਖਾਣ ਨੇ ਮਨ੍ਹਾ ਕਰ ਦਿੱਤਾ।

ਤਰਖਾਣ ਰੁੱਖ ਵੱਢੇ ਨਾ,
ਰੁੱਖ ਦਾਣਾ ਦੇਵੇ ਨਾ ,
ਚਿੜੀ ਵਿਚਾਰੀ ਕੀ ਕਰੇ
ਠੰਢਾ ਪਾਣੀ ਪੀ ਮਰੇ?

ਚਿੜੀ ਰਾਜੇ ਕੋਲ ਗਈ ਤੇ ਰਾਜੇ ਨੂੰ ਤਰਖਾਣ ਨੂੰ ਹੁਕਮ ਦੇਣ ਨੂੰ ਕਿਹਾ। ਰਾਜੇ ਨੇ ਇਨਕਾਰ ਕਰ ਦਿੱਤਾ।

ਰਾਜਾ ਤਰਖਾਣ ਨੂੰ ਹੁਕਮ ਦੇਵੇ ਨਾ,
ਤਰਖਾਣ ਰੁੱਖ ਵੱਢੇ ਨਾ,
ਰੁੱਖ ਦਾਣਾ ਦੇਵੇ ਨਾ,
ਚਿੜੀ ਵਿਚਾਰੀ ਕੀ ਕਰੇ,
ਠੰਢਾ ਪਾਣੀ ਪੀ ਮਰੇ?

ਰਾਜਾ ਇੱਕ ਹਾਥੀ ਤੇ ਸਵਾਰ ਹੋ ਕੇ ਬਾਹਰ ਜਾਂਦਾ ਹੁੰਦਾ ਸੀ।ਚਿੜੀ ਹਾਥੀ ਕੋਲ ਗਈ ਤੇ ਹਾਥੀ ਨੂੰ ਕਿਹਾ ਕਿ ਉਹ ਰਾਜੇ ਨੂੰ ਆਪਣੇ ਉੱਤੋਂ ਡੇਗ ਦੇਵੇ।ਪਰ ਹਾਥੀ ਨੇ ਇਨਕਾਰ ਕਰ ਦਿੱਤਾ।

ਹਾਥੀ ਰਾਜੇ ਨੂੰ ਡੇਗੇ ਨਾ,
ਰਾਜਾ ਤਰਖਾਣ ਨੂੰ ਹੁਕਮ ਦੇਵੇ ਨਾ,
ਤਰਖਾਣ ਰੁੱਖ ਵੱਢੇ ਨਾ,
ਰੁੱਖ ਦਾਣਾ ਦੇਵੇ ਨਾ,
ਚਿੜੀ ਵਿਚਾਰੀ ਕੀ ਕਰੇ,
ਠੰਢਾ ਪਾਣੀ ਪੀ ਮਰੇ?

ਫਿਰ ਚਿੜੀ ਇੱਕ ਕੀੜੀ ਕੋਲ ਗਈ ਤੇ ਹਾਥੀ ਦੀ ਕੰਨ ਵਿੱਚ ਵੱਢਣ ਲਈ ਕਿਹਾ।ਪਰ ਕੀੜੀ ਨੇ ਇਨਕਾਰ ਕਰ ਦਿੱਤਾ।ਚਿੜੀ ਨੇ ਕੀੜੀ ਨੂੰ ਆਪਣੀ ਚੁੰਝ ਨਾਲ ਫੜ ਲਿਆ ਤੇ ਕੀੜੀ ਡਰ ਗਈ ਤੇ ਫਿਰ---

ਕੀੜੀ ਹਾਥੀ ਨੂੰ ਕੱਟਣ ਲੱਗੀ।
ਹਾਥੀ ਰਾਜੇ ਨੂੰ ਡੇਗਣ ਲੱਗਾ,
ਰਾਜਾ ਤਰਖਾਣ ਨੂੰ ਹੁਕਮ ਦੇਣ ਲੱਗਾ,
ਤਰਖਾਣ ਰੁੱਖ ਵੱਢਣ ਲੱਗਾ,
ਤੇ ਰੁੱਖ ਨੇ ਚਿੜੀ ਨੂੰ ਦਾਣਾ ਦੇ ਦਿੱਤਾ

ਤੇ ਚਿੜੀ ਦਾਣਾ ਲੈ ਕੇ ਆਪਣੇ ਆਹਲਣੇ ਵੱਲ ਉੱਡ ਗਈ।

ਜੇ ਆਪਣੀ ਸ਼ਕਤੀ ਦਾ ਅਹਿਸਾਸ ਹੋ ਜਾਵੇ ਤਾਂ ਚਿੜੀ ਵੀ ਕੀ ਕੁਝ ਨਹੀਂ ਕਰ ਸਕਦੀ।ਆਮ ਜਨਤਾ ਅਤੇ ਜ਼ਾਲਮ ਹਾਕਮਾਂ ਦੇ ਪ੍ਰਸੰਗ ਵਿੱਚ ਇਸ ਕਹਾਣੀ ਦੀ ਬੜੀ ਵਿਸਥਾਰ ਸਹਿਤ ਵਿਆਖਿਆ ਕੀਤੀ ਜਾ ਸਕਦੀ ਹੈ।

ਪਰ ਫਿਲਹਾਲ ਮੈਨੂੰ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਉਹ ਮਹਾਨ ਵਾਕ ਯਾਦ ਆ ਰਹੇ ਹਨ-

ਚਿੜੀਓਂ ਸੇ ਮੈਂ ਬਾਜ ਲੜਾਊ॥<br>
ਤਬੈ ਗੋਬਿੰਦ ਸਿੰਘ ਨਾਮ ਕਹਾਊ॥

ਚਿੜੀਆਂ ਨੂੰ ਬਾਜ ਨਾਲ ਲੜਾਉਣ ਦਾ ਪ੍ਰਸੰਗ ਮਹਾਨ ਕੋਸ਼ ਵਿੱਚ ਤਾਂ ਸ਼ਾਇਦ ਦਰਜ ਨਹੀਂ ਹੈ।ਪਰ ਅੰਬਾਲਾ ਸ਼ਹਿਰ ਵਿੱਚ ਇਸ ਪ੍ਰਸੰਗ ਨਾਲ ਸਬੰਧਤ ਦੋ ਗੁਰਦੁਆਰੇ ਸਥਾਪਤ ਹਨ।ਜਿਥੇ ਚਿੜੀਆਂ ਨੇ ਬਾਜ ਨਾਲ ਯੁੱਧ ਕੀਤਾ ਸੀ ਮੈਂ ਅੰਬਾਲਾ ਸ਼ਹਿਰ ਦੇ ਉਸ ਗੁਰਦੁਆਰਾ ਸਾਹਿਬ ਤੋਂ ਆਪਣੀ ਪਹਿਲੀ ਨੌਕਰੀ ਦਾ ਸਫਰ ਆਰੰਭ ਕੀਤਾ ਸੀ। ਗੁਰਦੁਆਰਾ ਬਾਦਸ਼ਾਹੀ ਬਾਗ ਅਤੇ ਗੁਰਦੁਆਰਾ ਗੋਬਿੰਦ ਪੁਰਾ ਲੱਭੂ ਵਾਲਾ ਤਲਾਬ। ਇਹਨਾਂ ਗੁਰਦੁਆਰਾ ਸਾਹਿਬਾਨ ਵਿੱਚ ਇਹ ਪ੍ਰਸੰਗ ਆਮ ਸੁਣਾਇਆ ਜਾਂਦਾ ਹੈ ਅਤੇ ਹੁਣ ਇਹ ਗੂਗਲ ਉੱਤੇ ਵੀ ਦਰਜ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਮਾਮਾ ਜੀ ਨੂੰ ਮਿਲਣ ਜਾਂਦਿਆਂ 1670 ਈਸਵੀ ਵਿੱਚ ਇਸ ਅਸਥਾਨ ਤੇ ਠਹਿਰੇ ਸਨ।ਉਦੋਂ ਇਹ ਬੜਾ ਸੁੰਦਰ ਬਾਗ ਸੀ ।ਇਸ ਦਾ ਪ੍ਰਬੰਧਕ ਪੀਰ ਅਮੀਰ ਦੀਨ ਸੀ।ਪੀਰ ਅਮੀਰ ਦੀਨ ਅੰਬਾਲਾ ਸ਼ਹਿਰ ਦੇ ਸਮੁੱਚੇ ਮੁਸਲਿਮ ਧਾਰਮਿਕ ਸਥਾਨਾਂ ਦਾ ਪ੍ਰਬੰਧਕ ਸੀ।ਗੁਰੂ ਸਾਹਿਬ ਦੀ ਉਮਰ ਉਦੋਂ ਅੱਠ ਕੁ ਸਾਲ ਦੀ ਸੀ ਤੇ ਉਹਨਾਂ ਕੋਲ ਇੱਕ ਚਿੱਟਾ ਬਾਜ਼ ਸੀ।ਪੀਰ ਗੁਰੂ ਜੀ ਦੇ ਬਾਜ਼ ਤੇ ਮੋਹਿਤ ਹੋ ਗਿਆ ਤੇ ਉਸਨੇ ਇਸ ਬਾਜ਼ ਨੂੰ ਹਥਿਆਉਣ ਲਈ ਇੱਕ ਸਕੀਮ ਸੋਚੀ।ਪੀਰ ਕੋਲ ਇੱਕ ਕਾਲਾ ਬਾਜ਼ ਸੀ।ਉਸਨੇ ਗੁਰੂ ਜੀ ਨੂੰ ਆਪਣਾ ਚਿੱਟਾ ਬਾਜ਼ ਪੀਰ ਦੇ ਕਾਲੇ ਬਾਜ਼ ਨਾਲ ਲੜਾਉਣ ਲਈ ਚਣੌਤੀ ਦਿੱਤੀ ਜਿਹੜਾ ਜਿੱਤ ਜਾਵੇ ਦੋਵੇਂ ਬਾਜ਼ ਉਸ ਦੇ ਹੋ ਜਾਣਗੇ।ਗੁਰੂ ਜੀ ਨੇ ਪੀਰ ਦੀ ਸਾਜ਼ਿਸ਼ ਸਮਝਦਿਆਂ ਪੀਰ ਨੂੰ ਕਿਹਾ ਕਿ ਤੇਰੇ ਬਾਜ਼ ਨਾਲ ਤਾਂ ਮੈਂ ਚਿੜੀਆਂ ਨੂੰ ਲੜਾ ਸਕਦਾ ਹਾਂ।ਪੀਰ ਨੇ ਹੱਸਦਿਆਂ ਕਿਹਾ-ਇਹ ਚਿੜੀਆਂ ਤਾਂ ਮੇਰੇ ਬਾਜ਼ ਦਾ ਖਾਜਾ ਹਨ, ਇਹ ਕਿਵੇਂ ਲੜ ਸਕਦੀਆਂ ਹਨ।ਗੁਰੂ ਜੀ ਨੇ ਦਰਖਤ ਤੇ ਬੈਠੀਆਂ ਦੋ ਚਿੜੀਆਂ ਨੂੰ ਇਸ਼ਾਰਾ ਕੀਤਾ।ਕਹਿੰਦੇ ਹਨ ਚਿੜੀਆਂ  ਬੜੀ ਫੁਰਤੀ ਨਾਲ ਝਪਟੀਆਂ ਤੇ ਪੀਰ ਦੇ ਕਾਲੇ ਬਾਜ਼ ਨੂੰ ਜ਼ਖਮੀ ਕਰ ਦਿੱਤਾ।ਬਾਜ਼ ਜ਼ਖਮੀ ਹੋਇਆ ਉਥੋਂ ਉਡਿਆ ਤੇ ਇੱਕ ਦੋ ਮੀਲ ਦੂਰ ਜਾ ਡਿੱਗਾ।ਇਹ ਉਹ ਅਸਥਾਨ ਹੈ ਜਿਥੇ ਅਜਕਲ ਗੁਰਦੁਆਰਾ ਗੋਬਿੰਦ ਪੁਰਾ ਹੈ, ਇਸ ਨੂੰ ਲੱਭੂ ਵਾਲਾ ਤਾਲਾਬ ਵੀ ਕਿਹਾ ਜਾਂਦਾ ਹੈ।ਸ਼ਾਇਦ ਗੁਰੂ ਸਾਹਿਬ ਨੇ ਇੱਥੇ ਹੀ ਕਿਹਾ ਸੀ-

ਚਿੜਓਂ ਸੇ ਮੈਂ ਬਾਜ ਤੁੜਾਉਂ।<br>
ਤਬੈ ਗੋਬਿੰਦ ਸਿੰਘ ਨਾਮ ਕਹਾਉਂ।

ਹੁਣ ਤਾਂ ਇਹਨਾਂ ਚਿੜੀਆਂ ਦੇ ਪ੍ਰਸੰਗ ਦੇ ਅਰਥ ਹੋਰ ਵੀ ਵਿਸ਼ਾਲ ਹੋ ਗਏ ਹਨ।ਇਹ ਹੁਣ 'ਵਿਚਾਰੀਆਂ'ਨਹੀਂ ਰਹੀਆਂ।ਇਸ ਬਾਰੇ ਬਹੁਤ ਕੁਝ ਲਿਖਿਆ ਪੜ੍ਹਿਆ ਗਿਆ ਹੈ।ਤੁਸੀਂ ਸਿਆਣੇ ਹੋ ਸਮਝ ਸਕਦੇ ਹੋ।

**ਭੁੱਲ ਚੁੱਕ ਖਿਮਾ**

**ਜ਼ਰੂਰੀ ਬੇਨਤੀ**

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।

ਸੰਪਾਦਕ ਮੋਬਾਇਲ 98556-40630

# ਡਾ. ਹਰਿਭਜਨ ਸਿੰਘ ਦਾ ਸਿੱਖ ਚਿੰਤਨ

**ਡਾ. ਪਰਮਜੀਤ ਸਿੰਘ ਸੋਹਲ**

ਡਾ. ਹਰਿਭਜਨ ਸਿੰਘ ਇਕ ਮੌਲਿਕ ਕਵੀ, ਪ੍ਰਮੁੱਖ ਆਲੋਚਕ, ਸਾਹਿਤ ਚਿੰਤਕ, ਕੁਸ਼ਲ ਅਧਿਆਪਕ, ਪ੍ਰਬੁੱਧ ਵਕਤਾ ਤੇ ਵਿਭਿੰਨ ਵਿਸ਼ਿਆਂ ਦਾ ਪਾਰਖੂ ਵਿਦਵਾਨ ਸੀ। ਆਧੁਨਿਕ ਪੰਜਾਬੀ ਸਾਹਿਤ ਵਿਚ ਉਸ ਦਾ ਇਕ ਪ੍ਰਸਿੱਧ ਸੁਹਜਵਾਦੀ ਕਵੀ ਅਤੇ ਸਰੰਚਨਾਵਾਦੀ ਆਲੋਚਕ ਬੁੱਧੀਜੀਵੀ ਹੋਣ ਵਜੋਂ ਸਥਾਨ ਨਿਸ਼ਚਿਤ ਹੈ।

ਗੁਰਬਾਣੀ ਦਾ ਅਧਿਐਨ ਕਰਦਿਆਂ ਉਸ ਨੇ ਜੋ ਵਿਆਖਿਆਮਈ ਆਲੋਚਨਾਤਮਿਕ ਨਿਬੰਧ ਰਚੇ ਹਨ, ਉਨ੍ਹਾਂ ਨਿਬੰਧਾਂ ਨੂੰ ਹੀ ਅਸੀਂ ਆਪਣੀ ਸੀਮਾ-ਰੇਖਾ ਨਿਸ਼ਚਿਤ ਕਰਕੇ ਡਾ. ਹਰਿਭਜਨ ਸਿੰਘ ਦੇ ਸਿੱਖ-ਚਿੰਤਨ ਦੀ ਗੱਲ ਪ੍ਰਾਰੰਭ ਕਰਦੇ ਹਾਂ। ਇੱਥੇ ਵੀ ਪ੍ਰਬੁੱਧ ਚਿੰਤਕ ਡਾ.ਹਰਭਜਨ ਸਿੰਘ ਭਾਟੀਆ ਦੀ ਪੁਸਤਕ 'ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ' ਗੁ: ਨਾ: ਦੇ: ਯੂ., ਅੰਮ੍ਰਿਤਸਰ ਪੰਨੇ 181-211) ਦੀ ਰਾਇ ਦੇ ਆਧਾਰ ਤੇ ਡਾ. ਹਰਿਭਜਨ ਸਿੰਘ ਦੇ ਸਿੱਖ ਚਿੰਤਨ ਬਾਰੇ ਗੱਲ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ 'ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ' ਪੁਸਤਕ ਵਿਚ ਉਹਦੀਆਂ ਸਮੁੱਚੀਆਂ ਆਲੋਚਨਾ ਕ੍ਰਿਤੀਆਂ ਦਾ ਅਧਿਐਨ ਕਰਦਿਆਂ ਹੋਇਆ ਉਸ ਦੇ ਧਰਮ, ਗੁਰਬਾਣੀ ਤੇ ਜਨਮ-ਸਾਖੀਆਂ ਨਾਲ ਸਬੰਧਿਤ ਲੇਖਾਂ ਦੇ ਆਧਾਰ 'ਤੇ ਉਸ ਦੀ ਸਿੱਖ-ਚਿੰਤਕ ਵਜੋਂ ਦੇਣ ਨੂੰ ਦਰਸਾਇਆ ਹੈ। ਡਾ. ਭਾਟੀਆ ਨੇ ਡਾ. ਹਰਿਭਜਨ ਸਿੰਘ ਦੁਆਰਾ ਕੀਤੀ ਬਾਣੀ ਦੀ ਵਿਆਖਿਆ ਅਤੇ ਉਸ ਦਾ ਕਾਵਿ-ਸ਼ਾਸਤਰ ਸਿਰਜਣ ਲਈ ਬਹਿਰੰਗ ਦੀ ਥਾਂ ਅੰਤਰੰਗ ਦ੍ਰਿਸ਼ਟੀ ਦੇ ਨੁਕਤੇ ਨੂੰ ਉਭਾਰਦੇ ਹੋਏ ਲਿਖਿਆ ਹੈ:

'ਬਾਣੀ ਰਚਨਾ ਦੇ ਸੰਗਠਨ ਵਿਚ ਕਾਰਜਸ਼ੀਲ ਨੇਮਾਂ, ਸੰਗਠਨ-ਸਿਧਾਂਤ ਤੇ ਤਰਕ ਦੀ ਪਛਾਣ ਕਰਕੇ ਉਸ ਨੂੰ ਕਿਸੇ ਨਿਆਇ-ਸੰਗਤ ਪ੍ਰਬੰਧ ਵਿਚ ਬੰਨ੍ਹਣਾ ਅਤੇ ਗੁਰਬਾਣੀ ਦੇ ਵਿਲੱਖਣ ਉਹਨੂੰ ਦੇ ਨੇਮ ਪਛਾਣਨੇ ਉਹਦੀ ਬਾਣੀ ਅਧਿਐਨ-ਵਿਧੀ ਦੀ ਵਿਸ਼ੇਸ਼ਤਾ ਹੈ।'(ਪੰਨਾ 200)

ਡਾ. ਭਾਟੀਆ ਨੇ ਡਾ. ਹਰਿਭਜਨ ਸਿੰਘ ਦੀ ਧਰਮ ਅਤੇ ਕਾਵਿ-ਪ੍ਰਬੰਧਾਂ ਨੂੰ ਨਿਖੇੜਨ ਦੀ ਬਿਰਤੀ ਨੂੰ ਉਸ ਦੀ ਗਿਣਨਯੋਗ ਪ੍ਰਾਪਤੀ ਦਰਸਾਇਆ ਹੈ। 'ਧਰਮ ਅਤੇ ਕਾਵਿ ਦੇ ਸੰਜੋਗੀ ਰਿਸ਼ਤੇ ਉੱਪਰ ਉੱਸਰੇ ਇਸ ਪ੍ਰਬੰਧ ਨੂੰ ਸਮਝਣਾ ਅਤੇ ਬਾਣੀ ਤੇ ਕਾਵਿ ਦਾ ਨਿਖੇੜਾ ਕਰਨਾ ਉਹਦੀ ਗਿਣਣਯੋਗ ਪ੍ਰਾਪਤੀ ਹੈ। ਉਹਦੇ ਅਧਿਐਨ-ਕਾਰਜ ਦੀ ਯਾਤਰਾ ਨੂੰ ਬਾਣੀ ਉਚਾਰਾਂ ਤੋਂ ਬਾਣੀ-ਭਾਸ਼ਾ (Langue) ਤਕ ਪਹੁੰਚਣ ਦੇ ਆਧਾਰ ਉੱਪਰ ਸਮਝਿਆ ਜਾ ਸਕਦਾ ਹੈ।' (ਪੰਨਾ 200)

**ਟਿੱਪਣੀ :** 1990 ਵਿਚ ਮੱਧਕਾਲੀਨ ਪੰਜਾਬੀ ਸਾਹਿਤ : ਪੁਨਰ ਨਿਰੀਖਣ ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਦਿੱਤੇ ਮੁੱਖ ਭਾਸ਼ਣ ਵਿਚ ਡਾ. ਹਰਿਭਜਨ ਸਿੰਘ ਗੁਰਬਾਣੀ ਵਿਚ ਉਪਨਿਸ਼ਦਿਕ ਤੇ ਤਾਂਤਰਿਕ ਰਚਨਾਵਾਂ ਦੀ ਗੂੰਜ ਨੂੰ ਸੁਣਨ ਤੇ ਕਹਿਣ ਤੋਂ ਗੁਰੇਜ਼ ਕਰ ਜਾਂਦੇ ਹਨ। ਪਰ ਉਹ ਅੰਦਰਖਾਤੇ ਇਹ ਮੰਨਦੇ ਹਨ ਕਿ ਗੁਰਬਾਣੀ ਦੀ ਸਿਰਜਣਾ ਉਪਨਿਸ਼ਦਾਂ ਤੇ ਤਾਂਤਰਿਕਾਂ ਗ੍ਰੰਥਾਂ ਦੇ ਆਧਾਰ 'ਤੇ ਹੋਈ ਹੈ। ਅਸੀਂ ਇਸ ਗੱਲ ਨੂੰ ਗੁਰਬਾਣੀ ਦੀ ਸਿਰਮੌਰਤਾ ਦੇ ਨੁਕਤੇ ਤੋਂ ਛੁੱਟਿਆ ਕੇ ਹੀ ਵੇਖਦੇ ਹਾਂ। ਮੇਰੇ ਖ਼ਿਆਲ ਵਿਚ ਉਪਨਿਸ਼ਦਾਂ ਤੇ ਤਾਂਤਰਿਕ ਗ੍ਰੰਥਾਂ ਵਿਚਲੀ ਗੰਢਾਂ ਦਾ ਕੇਂਦਰ ਇੱਕੋ ਹੈ, ਜੋ ਬੁੱਧ ਮੱਤ ਤੇ ਯੋਗ ਮੱਤ ਰਾਹੀਂ ਲੋਕ-ਭਾਸ਼ਾਵਾਂ ਵਿਚੋਂ ਦੀ ਲੰਘਦਾ ਹੋਇਆ ਗੁਰਬਾਣੀ ਦੀ ਵਿਰਾਟਤਾ ਅੰਦਰ ਆ ਸਮਾਉਂਦਾ ਹੈ। ਇਸ ਨੂੰ ਯੁੱਗਾਂ ਯੁਗਾਂਤਰਾਂ ਤੋਂ ਚਲੀ ਆ ਦੈਵੀਅਤਾ ਦੀ ਅਜਬ ਨਿਰਾਲੀ ਖੇਡ ਹੀ ਕਿਹਾ ਜਾ ਸਕਦਾ ਹੈ।

ਗੁਰਬਾਣੀ ਦਾ ਰੂਪ ਤੇ ਵਿਸ਼ਾ ਅਦੈਵਤੀ ਹੈ। ਰੂਪ ਦੇ ਸਭਿਆਚਾਰਕ ਵੇਰਵੇ ਦੁਨਿਆਵੀ ਪ੍ਰੀਤਕ, ਘਟਨਾਵਾਂ, ਰਿਸ਼ਤੇ ਅਧਿਆਤਮ ਦੀ ਰੌਸ਼ਨੀ ਵਿਚ ਲਿਸ਼ਕਦੇ ਤੇ ਬ੍ਰਹਿਮੰਡੀ ਆਪੇ ਦੇ ਲਖਾਇਕ ਬਣ ਜਾਂਦੇ ਹਨ। ਇਸ ਗੱਲ ਵਿਚ ਠੋਸ ਸਚਾਈ ਹੈ, ਪਰ ਇਸ ਗੱਲ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਗੁਰਬਾਣੀ ਨੂੰ ਧਰਮ ਦੀ ਉਸਾਰੀ ਦੇ ਰੂਪ ਵਿਚ ਨਾ ਦੇਖਦੇ ਹੋਏ ਅਸੀਂ ਇਸ ਨੂੰ ਵਿੱਥ 'ਤੇ ਰੱਖ ਕੇ ਦੇਖਣ ਤੇ ਵਡਿਆਉਣ ਦੀ ਸ਼ਰਧਾ ਵੱਸ ਇਕ ਖੰਡਨੀ ਬਿਰਤੀ ਦਾ ਸ਼ਿਕਾਰ ਹੋ ਗਏ ਹਾਂ। ਸਾਡਾ ਖੰਡਨ ਪੱਖ ਪੁਰਾਤਨ ਧਰਮ ਦੀਆਂ ਮਰਿਆਦਾਵਾਂ ਨੂੰ ਢਾਹ ਲਾਉਣ ਦਾ ਹੋ ਗਿਆ ਹੈ, ਜਦ ਕਿ ਭਾਈ ਗੁਰਦਾਸ ਤੱਕ ਇਸ ਤਰ੍ਹਾਂ ਦੀ ਵਿੱਥ ਕੋਈ ਨਹੀਂ ਸੀ। ਇਸ ਤੋਂ ਮਗਰੋਂ ਗੁਰੂ ਗੋਬਿੰਦ ਸਿੰਘ ਜੀ, ਭਾਈ ਮਨੀ ਸਿੰਘ ਜੀ ਤੱਕ ਵੀ ਧਰਮ ਦੀ ਉਕਤ ਅਦਵੈਤੀ ਮਰਿਆਦਾ ਕਾਇਮ ਰਹੀ। ਗੁਰਬਾਣੀ ਵੀ ਇਸੇ ਅਦਵੈਤੀ ਮਰਿਆਦਾ ਦੀ ਸਾਖੀ

ਭਰਦੀ ਹੈ। ਪਰੰਤੂ ਸਿੰਘ ਸਭਾ ਲਹਿਰ ਤੋਂ ਪਿੱਛੋਂ ਇਕ ਕਿਸਮ ਦੀ ਵਿੱਥ ਪੈਦਾ ਹੁੰਦੀ ਹੈ। ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਨੇ ਪਰੰਪਰਾ ਦੇ ਪ੍ਰਵਾਹ ਨੂੰ ਬੰਨ੍ਹ ਮਾਰਨ ਦੀ ਮਰਯਾਦਾ ਕੀਤੀ ਹੈ, ਜੋ ਕਿ ਵਾਜਬ ਨਹੀਂ ਕਿਹਾ ਜਾ ਸਕਦਾ।

ਡਾ. ਹਰਿਭਜਨ ਸਿੰਘ ਪੰਜਾਬੀ ਚਿੰਤਨ ਦੇ ਵੱਡ-ਆਕਾਰੀ ਹਿੱਸੇ ਨੂੰ ਅਦਵੈਤੀ ਸੁਭਾਅ ਦਾ ਧਾਰਨੀ ਮੰਨਦੇ ਹਨ। ਪੰਜਾਬੀ ਚਿੰਤਨ ਵਿਚ ਉਨ੍ਹਾਂ ਨੇ ਗੁਰਬਾਣੀ ਚਿੰਤਨ ਨੂੰ ਹੀ ਅਪਰੋਖ ਰੂਪ ਵਿਚ ਵਡਿਆਇਆ ਹੈ ਕਿਉਂਕਿ ਗੁਰਬਾਣੀ ਤੋਂ ਬਗ਼ੈਰ ਪੰਜਾਬੀ ਚਿੰਤਨ ਅਧੂਰਾ ਹੈ ਅਤੇ ਸਮੁੱਚੇ ਰੂਪ ਵਿਚ ਆਪਣੀ ਦੈਵੀ ਹੋਂਦ ਦਾ ਇਜ਼ਹਾਰ ਨਹੀਂ ਕਰਵਾਉਂਦਾ। ਗੁਰਬਾਣੀ ਰਾਹੀਂ ਹੀ ਪੰਜਾਬੀ ਚਿੰਤਨ ਦੀ ਆਭਾ ਆਪਣੀ ਚਰਮ ਸੀਮਾ ਨੂੰ ਛੋਂਹਦੀ ਹੈ।

ਬਾਣੀ ਰਚਨਾ ਦੇ ਸੰਗਠਨ ਵਿਚ ਕਾਰਜਸ਼ੀਲ ਨੇਮਾਂ, ਸੰਗਠਨ-ਸਿਧਾਂਤ ਤੇ ਤਰਕ ਦੀ ਪਛਾਣ ਕਰਕੇ ਉਸ ਨੂੰ ਕਿਸੇ ਨਿਆਇ-ਸੰਗਤ ਪ੍ਰਬੰਧ ਵਿਚ ਬੰਨ੍ਹਣਾ ਅਤੇ ਗੁਰਬਾਣੀ ਦੇ ਵਿਲੱਖਣ ਕਾਵਿ-ਸ਼ਾਸਤਰ ਦੇ ਨੇਮ ਪਛਾਣਨੇ ਉਹਦੀ ਬਾਣੀ-ਅਧਿਐਨ-ਵਿਧੀ ਦੀ ਵਿਸ਼ੇਸ਼ਤਾ ਹੈ। (ਪੰਨਾ 200)

ਧਰਮ ਅਤੇ ਕਾਵਿ ਦੇ ਸੰਜੋਗੀ ਰਿਸ਼ਤੇ ਉੱਪਰ ਉੱਸਰੇ ਇਸ ਪ੍ਰਬੰਧ ਨੂੰ ਸਮਝਣਾ ਅਤੇ ਬਾਣੀ ਤੇ ਕਾਵਿ ਦਾ ਨਿਖੇੜਾ ਕਰਨਾ ਉਹਦੀ ਗਿਨਣਯੋਗ ਪ੍ਰਾਪਤੀ ਹੈ। ਉਹਦੇ ਅਧਿਐਨ-ਕਾਰਜ ਦੀ ਯਾਤਰਾ ਨੂੰ ਬਾਣੀ ਉਚਾਰਾਂ ਤੋਂ ਬਾਣੀ-ਭਾਸ਼ਾ (Langue) ਤਕ ਪਹੁੰਚਣ ਦੇ ਆਧਾਰ ਉੱਪਰ ਸਮਝਿਆ ਜਾ ਸਕਦਾ ਹੈ। (ਪੰਨਾ 200)

**ਟਿੱਪਣੀ:** ਹਰਿਭਜਨ ਸਿੰਘ ਨੇ ਪੱਛਮੀ ਆਲੋਚਕਾਂ ਦੇ ਵਿਚਾਰਾਂ ਨੂੰ 'ਅੰਤਿਮ ਸੱਚੋ ਵਜੋਂ ਗ੍ਰਹਿਣ ਕੀਤਾ ਹੈ, ਵਿਮਸੈਂਟ ਦੇ ਮਨੋਰਥ-ਭ੍ਰਾਂਤੀ ਅਤੇ ਪ੍ਰਭਾਵ-ਭ੍ਰਾਂਤੀ ਦਾ ਸਿਧਾਂਤ ਅਤੇ ਅਮਰੀਕੀ ਨਵਲੋਚਕਾਂ ਤੇ ਰੂਸੀ ਰੂਪਵਾਦੀਆਂ ਦੀਆਂ ਆਲੋਚਨਾ-ਵਿਧੀਆਂ ਨੂੰ ਅਪਣਾ ਕੇ ਸਾਹਿਤ-ਆਰੋਪਣ ਲਈ ਸਮੱਸਿਆ ਬਣੀ ਹੈ। ਕਈ ਵਾਰੀ ਡਾ. ਹਰਿਭਜਨ ਸਿੰਘ ਜਦੋਂ ਸਿਧਾਂਤਕ ਟਿੱਪਣੀਆਂ ਦਾ ਵਾਧੂ ਵੀ ਕਰ ਜਾਂਦੇ ਹਨ। ਡਾ. ਹਰਿਭਜਨ ਸਿੰਘ ਕਵਿਤਾ ਤੇ ਬਾਣੀ ਨੂੰ ਨਿਖੇੜ ਕੇ ਵੇਖਦੇ ਹਨ, ਬੇਸ਼ੱਕ ਬਾਣੀ ਵੀ ਇਕ ਕਾਵਿ-ਰੂਪ ਹੀ ਹੈ। ਉਨ੍ਹਾਂ ਦੀ ਸੋਚਣੀ ਮੁਤਾਬਿਕ ਕਵਿਤਾ ਤੇ ਗੁਰਬਾਣੀ ਦਾ ਨਿਖੇੜ ਹੈ। ਇਸ ਬਾਰੇ ਉਸ ਦੀ ਰਚਿਤ ਪੁਸਤਕ 'ਸਾਹਿਤ ਅਧਿਐਨ' ਵਿਚੋਂ ਕੁਝ ਨਿਮਨ ਲਿਖਤ ਟਿੱਪਣੀਆਂ ਪੇਸ਼ ਹਨ:

-ਬਾਣੀ ਤੇ ਕਵਿਤਾ ਦੇ ਅਨੰਦ ਵਿਚ ਬੁਨਿਆਦੀ ਫ਼ਰਕ ਇਹ ਹੈ ਕਿ ਜਿੱਥੇ ਕਵਿਤਾ ਵਿਚ ਵਕਤਾ/ਸਰੋਤਾ ਦੋ ਭਿੰਨ ਵਿਅਕਤੀ ਹਨ, ਬਾਣੀ ਵਿਚ ਇੱਕੋ ਹੈ। (ਸਾਹਿਤ ਅਧਿਐਨ, ਪੰਨਾ 106)

- ਬਾਣੀ ਦਾ ਅਨੰਦ ਇਸ ਤੋਂ ਵੱਖਰਾ ਹੈ। ਇਹ ਸਤਿਗੁਰੂ ਪਾਉਣ ਦਾ ਆਨੰਦ ਹੈ। ਸਤਿਗੁਰੂ ਭਾਵਕਤਾ ਦਾ ਨਹੀਂ ਸਗੋਂ 'ਸਤਿ ਦੇ ਗਿਆਨ' ਦਾ ਪ੍ਰਤੀਕ ਹੈ। (ਸਾਹਿਤ ਅਧਿਐਨ, ਪੰਨਾ 107)

- ਕਾਵਿ-ਆਨੰਦ ਦੀ 'ਆਪਮੁਹਾਰਤਾ' ਅਤੇ ਬਾਣੀ-ਆਨੰਦ ਦੇ 'ਸਹਿਜ' ਵਿਚਕਾਰ ਬੁਨਿਆਦੀ ਫ਼ਰਕ ਹੈ। ਬਾਣੀ-ਸਹਿਜ ਵਿਚ ਆਪਮੁਹਾਰਤਾ ਹੈ ਪਰ ਕਾਵਿ-ਆਪਮੁਹਾਰਤਾ ਸਹਿਜ ਹੈ। (ਸਾਹਿਤ ਅਧਿਐਨ, ਪੰਨਾ 108)

ਇਸੇ ਪੁਸਤਕ ਵਿਚ ਗੁਰਬਾਣੀ ਚਿੰਤਨ ਦੀ ਪ੍ਰੋੜ੍ਹਤਾ ਕਰਦਿਆਂ ਡਾ. ਹਰਿਭਜਨ ਸਿੰਘ, ਆਨੰਦ ਸਾਹਿਬ ਤੇ ਗੁਰੂ ਨਾਨਕ ਦੇਵ ਜੀ ਰਚਿਤ ਜਪੁਜੀ ਦੇ ਖੰਡ ਵਰਣਨ ਵਿਚੋਂ ਹਵਾਲੇ ਵੀ ਦਿੰਦੇ ਹਨ।

- ਬਾਣੀ ਦਾ ਯਥਾਰਥ-ਬੋਧ (Ontology) ਕਵਿਤਾ ਦੇ ਯਥਾਰਥ-ਬੋਧ ਤੋਂ ਵੱਖਰਾ ਹੈ। (ਸਾਹਿਤ ਅਧਿਐਨ, ਪੰਨਾ 109)

- ਨਾਮ ਅਰੂਪ, ਨਿਰਾਕਾਰ ਸੱਤਾ ਹੈ। (ਸਾਹਿਤ ਅਧਿਐਨ, ਪੰਨਾ 109)

- ਬਾਣੀ ਵਸਤੂ ਨੂੰ ਕੇਵਲ ਨਾਮ ਮੰਨਦੀ ਹੈ, ਉਹ ਭਾਸ਼ਾ ਨੂੰ ਵੀ ਕੇਵਲ ਸ਼ਬਦ ਮੰਨਦੀ ਹੈ। ਇਹ ਭਾਸ਼ਾ ਦਾ ਅਦਵੈਤੀ ਸੰਕਲਪ ਹੈ। (ਸਾਹਿਤ ਅਧਿਐਨ, ਪੰਨਾ 110)

- ਬਾਣੀ-ਰਚਨਾ ਵਿਚ ਸ਼ਬਦ ਦਾ ਸੰਬੰਧ ਗਾਵਣ ਨਾਲ ਹੈ, ਬੋਲਣ ਨਾਲ ਨਹੀਂ। (, ਸਾਹਿਤ ਅਧਿਐਨ, ਪੰਨਾ 111)

-ਬਾਣੀ ਇਕ-ਮੁੱਖ ਨਾਮ ਦਾ ਗਿਆਨ ਉਜਾਗਰ ਕਰਦੀ ਹੈ। ਕਵਿਤਾ ਇਕ-ਮੁੱਠ ਤੇ ਅਰਥ ਦਾ ਸਹਿਜਭਾਵ ਹੈ, ਬਾਣੀ ਸ਼ਬਦ ਦੀ ਇਕਾਗਰਤਾ ਹੈ। (ਸਾਹਿਤ ਅਧਿਐਨ, ਪੰਨਾ 112)

- ਕਵਿਤਾ ਹਉਮੈ ਪ੍ਰਗਟਾਉਣ ਦੀ ਕਲਾ ਹੈ, ਬਾਣੀ ਨਵੀਂ ਹਉਮੈ ਸਿਰਜਣ ਦੀ, ਨਵੀਂ ਸੁਰਤਿ, ਮਤਿ, ਮਨਿ, ਬੁਧ, ਸੁਰਾਂ ਸਿਧਾਂ ਕੀ ਸੁਧਿ ਘੜਨ ਦੀ ਕਲਾ ਹੈ। (ਸਾਹਿਤ ਅਧਿਐਨ, ਪੰਨਾ 113)

ਉਕਤ ਹਵਾਲਿਆਂ ਦੇ ਆਧਾਰ ਤੇ ਦੇਖਿਆਂ ਡਾ. ਹਰਿਭਜਨ ਸਿੰਘ ਕਵਿਤਾ ਤੇ ਬਾਣੀ ਦੇ ਪ੍ਰਕਾਰਜ ਦੀ ਵਿੱਥ ਸਥਾਪਤ ਕਰਦੇ ਹਨ। ਉਹ ਬਾਣੀ ਨੂੰ ਭਾਸ਼ਾਈ ਸਿਸਟਮ ਦੇ ਅੰਤਰਗਤ ਸਮਝਣ-ਸਮਝਾਉਣ ਦੇ ਹਾਮੀ ਹਨ। ਉਨ੍ਹਾਂ ਨੇ

ਬਾਣੀ ਦੇ ਸਤਿਨਾਮੀ ਸਰੂਪ ਨੂੰ ਭਾਸ਼ਾ-ਮੂਲਿਕ ਆਧਾਰਾਂ 'ਤੇ ਹੀ ਨਿਰੂਪਣ ਦਾ ਪ੍ਰਯਤਨ ਕੀਤਾ ਹੈ ਅਤੇ ਗੁਰਬਾਣੀ ਦੇ ਉਚਾਰ ਨੂੰ ਪ੍ਰਤੀਕਾਂ ਦੇ ਸੰਦਰਭ ਵਿਚ ਘੋਖਿਆ ਹੈ। ਪਰ ਉਨ੍ਹਾਂ ਦੀ ਪਾਰਖੂ ਦ੍ਰਿਸ਼ਟੀ ਪੱਛਮੀ ਸਿਧਾਂਤਕ ਸੰਕਲਪਾਂ ਤੇ ਵਿਚਾਰ-ਪੱਧਤੀਆਂ ਤੋਂ ਪਾਰ ਨਹੀਂ ਜਾ ਸਕੀ ਅਤੇ ਨਾ ਹੀ ਭਾਰਤੀ ਕਾਵਿ-ਸ਼ਾਸਤਰ ਦੇ ਪੱਛਮੀ ਆਲੋਚਨਾ ਦੇ ਸਮਾਂਨਤਰ ਵਿਵਿਧ ਪੱਖ ਉਜਾਗਰ ਕਰ ਸਕੀ ਹੈ। ਡਾ. ਹਰਿਭਜਨ ਸਿੰਘ ਆਪਣੇ ਵਿਸ਼ਾਲ ਸ਼ਬਦ ਭੰਡਾਰ ਦੇ ਜ਼ਰੀਏ ਗੁਰਬਾਣੀ ਦਾ ਰੂਪਗਤ ਅਧਿਐਨ ਕਰਦੇ ਹਨ ਅਤੇ ਪੱਛਮੀ ਆਲੋਚਨਾ ਪੱਧਤੀਆਂ ਦੇ ਮਾਂਗਵੇਂ ਭਾਸ਼ਿਕ ਸੰਕਲਪਾਂ ਦਾ ਸਹਾਰਾ ਲੈ ਕੇ ਗੁਰਬਾਣੀ ਦੇ ਦੈਵੀ ਤੇ ਅਨਹਦੀ ਆਭਾਮੰਡਲ ਨੂੰ ਵਿਆਖਿਆਉਣ ਦੀ ਕੋਸ਼ਿਸ਼ ਕਰਦੇ ਹਨ। ਸਾਡੀ ਰਾਇ ਮੁਤਾਬਿਕ ਗੁਰਬਾਣੀ ਦੇ ਗੁਹਜ ਅਰਥਾਂ ਨੂੰ ਵਿਭਿੰਨ ਆਲੋਚਨਾ ਪ੍ਰਣਾਲੀਆਂ ਦੀ ਸਹਾਇਤਾ ਨਾਲ ਇਸ ਦੀਆਂ ਵੱਖੋ-ਵੱਖ ਵਿਆਖਿਆਵਾਂ ਤਾਂ ਪ੍ਰਸਤਤ ਕੀਤੀਆਂ ਜਾ ਸਕਦੀਆਂ ਹਨ ਪਰ ਇਸ ਦੇ ਅਸਲ ਮਰਮ ਤੱਕ ਨਹੀਂ ਪੁਜਿਆ ਜਾ ਸਕਦਾ, ਕਿਉਂਕਿ ਗੁਰਬਾਣੀ ਦਾ ਮੰਤਵ ਪਾਰਬ੍ਰਹਮ ਨਾਲ ਅਨੁਭਵੀ ਪੱਧਰੋ ਤੇ ਮਨੁੱਖੀ ਆਤਮਾ ਦਾ ਸੰਬੰਧ ਸਥਾਪਿਤ ਕਰਨਾ ਹੈ। ਇਸ ਲਈ ਅਨੁਭਵੀ ਪੱਧਰ ਤੇ ਅਦਵੈਤੀ ਭਾਵਾਂ ਵਿਚ ਆਉਣਾ ਅਤੇ ਆਪੇ ਨੂੰ ਰੂਹਾਨੀ ਸਦਾਚਾਰ ਦੀ ਕਸਵੱਟੀ ਖਰਾ ਉਤਾਰਨਾ ਪੈਂਦਾ ਹੈ। ਗੁਰਬਾਣੀ ਦੇ ਅਨਹਦੀ ਸਰੂਪ ਵਾਲੇ ਦੈਵੀ ਸੁਹਜ ਨੂੰ ਡਾ. ਹਰਿਭਜਨ ਸਿੰਘ ਬਿਆਨਦੇ ਤਾਂ ਹਨ ਪਰ ਇਸ ਦੇ ਗਹਿਰ-ਗੰਭੀਰ ਵਿਸਮਾਦੀ ਅਨੁਭਵ ਨੂੰ ਪੂਰਨ ਤੌਰ ਤੇ ਉਹ ਨਿੱਜੀ ਪੱਧਰ 'ਤੇ ਨਹੀਂ ਹੰਢਾਉਂਦੇ। ਉਨ੍ਹਾਂ ਦਾ ਚਿੰਤਨ ਗੁਰਬਾਣੀ ਦੇ ਭਾਸ਼ਿਕ ਆਧਾਰਾਂ 'ਤੇ ਹੀ ਇਸ ਨੂੰ ਵਿਆਖਿਆਉਣ ਵੱਲ ਰੁਚਿਤ ਹੁੰਦਾ ਹੈ, ਉਹ ਇਸ ਦੇ ਆਦਿ ਜੁਗਾਦੀ ਸਤਿ ਸਰੂਪ ਨੂੰ ਆਤਮਸਾਤ ਕਰਨ ਦਾ ਤਰੱਦਦ ਨਹੀਂ ਕਰਦੇ। ਕਿਤੇ ਕਿਤੇ ਡਾ. ਹਰਿਭਜਨ ਸਿੰਘ ਗੁਰਬਾਣੀ ਦੇ ਦੈਵੀ ਸਰੂਪ ਦੀ ਸ਼ੁੱਧ ਕਾਰ ਨੂੰ ਸਵੀਕਾਰਦੇ ਵੀ ਲਗਦੇ ਹਨ, ਪਰ ਜਲਦ ਹੀ ਉਨ੍ਹਾਂ ਦੀ ਆਲੋਚਨਾਮੁਖੀ ਵਿਦਵਤਾ ਉਨ੍ਹਾਂ ਦੇ ਤਰਲ ਆਪੇ 'ਤੇ ਭਾਰੂ ਹੋ ਜਾਂਦੀ ਹੈ ਅਤੇ ਉਹ ਗੁਰਬਾਣੀ ਦੇ ਵਿਸਮਾਦੀ ਅਨੁਭਵ ਨੂੰ ਹੰਢਾਉਣ ਦੀ ਬਨਿਸਬਤ ਇਸ ਦੇ ਰੂਪਕੀ ਪਾਸਾਰਾਂ ਨੂੰ ਉਜਾਗਰ ਕਰਨ ਲਗ ਜਾਂਦੇ ਹਨ। ਡਾ. ਹਰਿਭਜਨ ਸਿੰਘ ਦੀ ਕਾਵਿ-ਚੇਤਨਾ ਅੰਦਰ ਟਿਮਕਦੇ ਤਾਰਿਆਂ ਵਾਂਗ ਸਿੱਖ ਚਿੰਤਨ ਦੇ ਕਈ ਝਲਕਾਰੇ ਦੇਖੇ ਜਾ ਸਕਦੇ ਹਨ। ਕਿਹਾ ਜਾ ਸਕਦਾ ਹੈ ਕਿ ਡਾ. ਹਰਭਜਨ ਸਿੰਘ ਨੇ ਆਪਣੀ ਮੌਲਿਕ ਰਚਨਾ ਵਿਚ ਵੀ ਗੁਰਬਾਣੀ ਚਿੰਤਨ ਦਾ ਪ੍ਰਤੱਖ ਤੇ ਪਰੋਖ ਦੋਵੇਂ ਪੱਖਾਂ ਤੋਂ ਪ੍ਰਭਾਵ ਗ੍ਰਹਿਣ ਕੀਤਾ ਹੈ।

ਜੂਨ 1962 ਦੇ 'ਪੰਜਾਬੀ ਦੁਨੀਆ' ਦੇ ਨਿਰਗੁਨ ਸਾਹਿਤ ਅੰਕ ਵਿਚ ਡਾ. ਹਰਿਭਜਨ ਸਿੰਘ ਜੀ ਨੇ ਨਿਰਗੁਨ ਕਾਵਿ ਗੁਰਮਤਿ ਕਾਵਿ ਦੀ ਵਿਚਾਰਕ ਸਾਂਝ ਵਿਭਿੰਨ ਭਾਸ਼ਾਵਾਂ ਨੂੰ ਅਪਣਾਉਣ ਵਜੋਂ ਦਰਸਾਈ ਹੈ। ਉਨ੍ਹਾਂ ਨੇ ਆਪਣੇ ਇਸ ਲੇਖ ਵਿਚ ਪੰਜਾਬੀ ਚ੍ਰਿਤਰ ਨੂੰ ਪੰਜਾਬੀ ਨਿਰਗੁਨ ਕਾਵਿ ਨਾਲ ਜੋੜ ਕੇ ਦੇਖਿਆ ਹੈ। (ਪੰਜਾਬੀ ਦੁਨੀਆ, ਭਾ: ਵਿ: ਪੰਜਾਬ, ਨਿਰਗੁਣ ਸਾਹਿਤ ਅੰਕ, ਜੂਨ, 1962, ਪੰਨੇ 90-105)

ਪੰਜਾਬੀ ਚਿੰਤਨ ਦੇ ਬਹੁਤ ਸਾਰੇ ਹਿੱਸੇ ਨੂੰ ਡਾ. ਹਰਿਭਜਨ ਸਿੰਘ ਅਦਵੈਤੀ ਸੁਭਾਅ ਵਾਲਾ ਮੰਨਦੇ ਹਨ। ਡਾ. ਹਰਿਭਜਨ ਸਿੰਘ ਪੰਜਾਬੀ ਚਿੰਤਨ ਦੇ ਅਦਵੈਤੀ ਸੁਭਾਅ ਨੂੰ ਨਿਰੂਪਿਤ ਨਹੀਂ ਕਰਦੇ ਸਗੋਂ ਬਹੁਤੀਆਂ ਥਾਵਾਂ 'ਤੇ ਉਹ ਪੱਛਮੀ ਆਲੋਚਨਾ ਪ੍ਰਣਾਲੀ ਦੇ ਭਾਸ਼ਾਈ ਮਾਡਲਾਂ ਦਾ ਵਿਵਰਣ ਦੇਣ ਲੱਗ ਜਾਂਦੇ ਹਨ। ਗੁਰਬਾਣੀ ਚਿੰਤਨ ਵਿਚ ਉਹ ਉਪਨਿਸ਼ਦਾਂ ਤੇ ਤੰਤਰਾਂ ਦੀ ਗੂੰਜ ਵੀ ਮਹਿਸੂਸਦੇ ਹਨ ਪਰ ਇਸ ਨੂੰ ਕਹਿਣੋਂ ਕਤਰਾ ਜਾਂਦੇ ਹਨ। 'ਗੁਰੂ ਦੀ ਦਿੱਤੀ ਹੋਈ ਬਾਣੀ ਦਾ ਅਧਿਐਨ ਕਰਦਿਆਂ ਹੋਇਆਂ ਮੈਂ ਉਨ੍ਹਾਂ ਦੇ ਵਿਚ ਨਜ਼ਰ ਆਉਣ ਵਾਲੀਆਂ ਉਪਨਿਸ਼ਦਿਕ, ਤਾਂਤਰਿਕ ਗੂੰਜਾਂ ਅਣ-ਗੂੰਜਾਂ ਦੇ ਬਾਰੇ ਕੁਝ ਕਹਿਣ ਤੋਂ ਕਤਰਾ ਜਾਂਦਾ ਹਾਂ।' (ਪੰਨਾ 4, ਮੱਧਕਾਲੀਨ ਪੰਜਾਬੀ ਸਾਹਿਤ -ਪੁਨਰ ਨਿਰੀਖਣ, ਅੱਠਵੀਂ ਪੰਜਾਬੀ ਵਿਕਾਸ ਕਾਨਫ਼ਰੰਸ), ਪਬਲੀਕੇਸ਼ਨ ਬਿਊਰੋ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990 ਮੁੱਖ ਭਾਸ਼ਣ)

ਡਾ. ਹਰਿਭਜਨ ਸਿੰਘ ਦੀਆਂ ਆਲੋਚਨਾਤਮਿਕ ਲਿਖਤਾਂ 'ਚੋਂ ਹੇਠਲੇ ਹਵਾਲਿਆਂ ਨੂੰ ਵੀ ਉਨ੍ਹਾਂ ਦੇ ਸਿੱਖ ਚਿੰਤਨ ਵਜੋਂ ਪਛਾਣਿਆ ਜਾ ਸਕਦਾ ਹੈ। ਉਹ ਗੁਰਬਾਣੀ ਨੂੰ ਗਿਆਨ ਗੀਤ ਆਖਦੇ ਹਨ ਅਤੇ ਇਸ ਦੀ ਅਧਿਆਤਮਕ ਸਾਧਨਾ ਨੂੰ ਸ਼ਬਦ ਸਾਧਨਾ ਮੰਨਦੇ ਹਨ। ਡਾ. ਹਰਿਭਜਨ ਸਿੰਘ ਪੁਸਤਕ 'ਰਚਨਾ ਸਰੰਚਨਾ' ਵਿਚ ਪੰਜਾਬ ਦੀ ਆਲੋਚਨਾ ਸੰਸਕ੍ਰਿਤੀ ਦਾ ਆਰੰਭ ਬਾਣੀ ਰਚਨਾ ਤੋਂ ਮੰਨਦੇ ਹਨ। ਇਸ ਦੇ ਨਾਲ ਹੀ ਉਹ ਬਾਣੀ ਦਾ ਸੰਬੰਧ ਨਿਰਗੁਣ ਸਤਿ ਨਾਲ ਅਤੇ ਕੱਚੀ ਬਾਣੀ ਦਾ ਸੰਬੰਧ ਮਾਇਆ ਨਾਲ ਕਰਦੇ ਹਨ:

–ਗੁਰਬਾਣੀ ਅਧਿਆਤਮ–ਸਾਧਨਾ ਨੂੰ ਵੀ ਇਕ ਪ੍ਰਕਾਰ ਦੀ ਸ਼ਬਦ–ਸਾਧਨਾ ਹੀ ਮੰਨਦੀ ਹੈ(ਰਚਨਾ ਸਰੰਚਨਾ, ਪੰਨਾ 64)

–ਗੁਰਬਾਣੀ ਗਿਆਨ ਗੀਤ ਹੈ, ਜੋ ਗੀਤ ਵਾਂਗ ਪ੍ਰਗਟ ਹੁੰਦਾ ਹੈ ਅਤੇ ਗਿਆਨ ਵਾਂਗ ਸੰਕਲਪਦਾ ਹੈ। (ਰਚਨਾ ਸਰੰਚਨਾ, ਪੰਨਾ 63)

–ਬਾਣੀ–ਰਚਨਾ ਤੋਂ ਹੀ ਪੰਜਾਬ ਦੀ ਆਲੋਚਨਾਤਮਕ ਸੰਸਕ੍ਰਿਤੀ ਦਾ ਆਰੰਭ ਹੋਇਆ। (ਰਚਨਾ ਸਰੰਚਨਾ, ਪੰਨਾ 65)

–ਬਾਣੀ ਨਿਰਗੁਣ ਸਤਿ ਨਾਲ ਸੰਬੰਧਿਤ ਸੀ ਤੇ ਕੱਚੀ ਬਾਣੀ ਮਾਇਆ ਨਾਲ। (ਰਚਨਾ ਸਰੰਚਨਾ, ਪੰਨਾ 68)

ਉਨ੍ਹਾਂ ਨੇ ਨਿੰਬੰਧ 'ਜਾਤਿ ਤੇ ਜੋਤਿ' ਵਿਚ ਮਨੁੱਖੀ ਸਭਿਆਚਾਰ ਨੂੰ ਗਿਆਤ ਪ੍ਰਬੰਧ ਦੀ ਥਾਵੇਂ ਅਗਿਆਤ ਪ੍ਰਬੰਧ ਦੇ ਅਧੀਨ ਗਤੀਮਾਨ ਦਰਸਾਇਆ ਹੈ। ਡਾ. ਸਾਹਿਬ ਵੱਖ–ਵੱਖ ਗੁਰੂ ਸਾਹਿਬਾਨ ਦੀ ਰਚਨਾ ਵਿਚ ਉੱਚਾਰ ਦੀ ਨਿਰੰਤਰਤਾ ਨੂੰ ਵੇਖਦੇ ਹਨ। ਇਸ ਪ੍ਰਕਾਰ ਉਹ ਪੱਛਮੀ ਭਾਸ਼ਾ ਵਿਗਿਆਨ ਦੇ ਮਾਡਲਾਂ ਅਨੁਸਾਰ ਹੀ ਗੁਰਬਾਣੀ ਦੀ ਨਿਰਖ ਪਰਖ ਕਰਦੇ ਹਨ। ਇੱਥੋਂ ਤੱਕ ਕਿ ਵਿਅਕਤੀ ਨੂੰ ਵੀ ਉਹ ਭਾਸ਼ਾ ਦੇ ਇਸ ਸੰਕਲਪ ਦੇ ਅਧੀਨ ਹੀ ਵਿਚਰਦਾ ਕਿਆਸਦੇ ਹਨ, ਪਰ ਗੁਰਬਾਣੀ ਨੂੰ ਉਹ 'ਜੋਤਿ' ਦੇ ਨੇਮ ਅਧੀਨ ਚਲਦਾ ਦਰਸਾਉਂਦੇ ਹਨ। 'ਇਕ ਗੁਰੂ ਦੀ ਰਚਨਾ ਬਾਅਦ ਦੂਜੇ ਗੁਰੂਆਂ ਦੀ ਰਚਨਾ ਉਚਾਰ ਦੀ ਨਿਰੰਤਰਤਾ ਨੂੰ ਹੀ ਪ੍ਰਮਾਣਿਤ ਕਰਦੀ ਹੈ।' (ਜਾਤਿ ਤੇ ਜੋਤਿ, ਪੰਨਾ 122)

–ਵਿਅਕਤੀ ਵੀ ਇਕ ਉਚਾਰ ਹੈ ਜਿਸ ਵਿਚ ਜਾਤਿ–ਭਾਸ਼ਾ ਦੇ ਨੇਮ ਕੰਮ ਕਰਦੇ ਹਨ। ਬਾਣੀ ਚੇਤਨਾ ਦਾ ਉਘੜਵਾਂ ਲੱਛਣ ਇਹ ਹੈ ਕਿ ਉਹ ਵਿਅਕਤੀ ਦਾ ਵਰਣਨ ਕਰਨ ਵੇਲੇ ਉਸ ਵਿਚਲੇ ਸਰਬ–ਨੇਮ ਨੂੰ ਸਦਾ ਨਜ਼ਰ ਵਿਚ ਰਖਦੀ ਹੈ। ਵਿਅਕਤੀ ਅਤੇ ਜਾਤਿ, ਜਾਤਿ ਅਤੇ ਜੋਤਿ ਦੀ ਸੰਜੁਗਤੀ ਇਸੇ ਚੇਤਨਾ ਦਾ ਸਿੱਟਾ ਹੈ...ਵਿਅਕਤੀ ਜਾਤੀ ਦੇ ਨੇਮ ਨਾਲ ਚਲਾਇਆ ਚਲਦਾ ਹੈ, 'ਜਾਤਿ ਤੇ ਜੋਤਿ' ਦੇ ਨੇਮ ਨਾਲ ਚਲਾਇਆਂ ਚਲਦੀ ਹੈ। (ਜਾਤਿ ਤੇ ਜੋਤਿ, ਪੰਨਾ 128–129)

ਡਾ.ਹਰਿਭਜਨ ਸਿੰਘ ਆਪਣੇ ਭਾਸ਼ਾਈ ਮਾਡਲਾਂ ਅਧੀਨ ਭਾਸ਼ਾ ਨੂੰ ਸਿਰਮੌਰ ਰੱਖਦੇ ਹਨ। ਇੱਥੋਂ ਤੱਕ ਕਿ ਗੁਪਤ ਅਕਾਲ ਨੂੰ ਪ੍ਰਗਟਾਉਣ ਹਾਰੀ ਵੀ ਭਾਸ਼ਾ ਹੀ ਹੈ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਭਾਸ਼ਾ ਸੰਬੰਧੀ ਨਿਯਮਾਂ ਨੂੰ ਸਰਵਕਾਲੀ ਸੱਚ ਦੇ ਨਾਲ ਜੋੜ ਕੇ ਬਾਣੀ ਨੂੰ ਅਰਥਾਇਆ ਜਾ ਸਕਦਾ ਹੈ? ਕੀ ਭਾਸ਼ਾ ਤੋਂ ਬਾਹਰ ਦੀ ਸੱਤਾ ਕੋਈ ਅਰਥ ਨਹੀਂ ਰੱਖਦੀ। ਜੇਕਰ ਪਰਮਾਤਮਾ ਦੀ ਸੱਤਾ ਭਾਸ਼ਾ ਤੋਂ ਬਾਹਰ ਨਹੀਂ ਹੈ ਤਾਂ ਕੀ ਪਰਮਾਤਮਾ ਦੀ ਹੋਂਦ ਨੂੰ ਭਾਸ਼ਾ ਦੇ ਅੰਤਰਗਤ ਮੰਨ ਲਿਆ ਜਾਣਾ ਚਾਹੀਦਾ ਹੈ? ਇਸ ਤਰ੍ਹਾਂ ਚਿਹਨ ਵਿਗਿਆਨਕ ਭਾਸ਼ਾ ਮਾਡਲਾਂ ਅਧੀਨ ਹੀ ਡਾ. ਹਰਿਭਜਨ ਸਿੰਘ ਗੁਰਬਾਣੀ ਦੇ ਭਾਸ਼ਾਈ ਪਾਸਾਰ ਨੂੰ ਸਮੇਟਣ ਦੀ ਕੋਸ਼ਿਸ਼ ਕਰਦੇ ਹਨ:

–ਬਾਣੀ ਆਖਣ ਤੇ ਸੁਣਾਉਣ ਨਾਲ ਸੰਬੰਧਤ ਹੈ। ਗੁਰੂ ਨਾਨਕ ਦੇਵ ਦਾ ਰੋਲ ਕਾਸਦ ਜਾਂ ਪੈਗ਼ੰਬਰ ਵਾਲਾ ਹੇ; ਇਸ ਦਾ ਮੂਲ ਸੰਬੋਧਕ ਖਸਮ ਹੈ, ਲਾਲੋ ਜਾਂ ਕੋਈ ਹੋਰ ਸਰੋਤਾ ਇਸ ਰਚਨਾ ਵਿਚ ਸੰਬੋਧਿਤ ਹੈ। (ਖਸਮ ਕੀ ਬਾਣੀ, ਪੰਨਾ 133)

–ਭਾਸ਼ਾ ਹਰ ਸਥਿਤੀ ਵਿਚ ਗੁਪਤ ਅਕਾਲ ਨੂੰ ਪ੍ਰਗਟ ਮੂਰਤ ਕਰਨ ਦੀ ਕਲਾ ਹੈ। (ਪੰਨਾ, ਉਹੀ)

–ਮੂਲ ਮੰਤਰ ਦੇ ਸਾਰੇ ਤੱਤਾਂ ਉੱਪਰ ਬਾਰ ਬਾਰ ਵਿਚਾਰ ਕਰਨ ਬਾਅਦ ਇਹੋ ਚੇਤਨਾ ਦ੍ਰਿੜ੍ਹ ਹੁੰਦੀ ਹੈ ਕਿ ਬਾਣੀਕਾਰ ਦੀ ਸਾਰੀ ਰਚਨਾ ਦਾ ਸੂਝ–ਮਾਡਲ ਅਤੇ ਰੂਪ ਮਾਡਲ ਸ਼ਬਦ/ਭਾਸ਼ਾ ਹੀ ਹੈ। (ਖਸਮ ਕੀ ਬਾਣੀ, ਪੰਨਾ 143)

–ਭਾਸ਼ਾ ਦਾ ਉਦੈ ਹੀ ਗਿਆਨ ਦਾ ਉਦੈ ਹੈ, ਇਸ ਦੇ ਬਾਅਦ ਹੀ ਵਸਤੂ–ਲੋਕ ਦੀ ਪ੍ਰਤੀਤੀ ਹੁੰਦੀ ਹੈ। ਸ੍ਰਿਸ਼ਟੀ ਤਾਂ ਪੂਰਬਲ 'ਧੁੰਦੂਕਾਰ' ਨੂੰ ਬਾਣੀਕਾਰ ਭਾਸ਼ਾ ਤੋਂ ਪੂਰਬਲੀ ਅਵਸਥਾ ਕਹਿੰਦਾ ਹੈ। ਭਾਸ਼ਾ ਦੀ ਸਿਖਿਆ ਦੇ ਬਾਅਦ ਹੀ ਗੁਪਤ ਪਰਗਟ ਹੁੰਦਾ ਹੈ। (ਪੰਨਾ 143)

ਗੁਰੂ ਨਾਨਕ, ਮੂਲ–ਰੂਪ ਵਿਚ ਬਾਣੀਕਾਰ ਸਿਰਜਕ ਸਨ, ਪਰ ਉਨ੍ਹਾਂ ਨੇ ਉਪਨਿਸ਼ਦਕ–ਕਾਲ ਤੋਂ ਪ੍ਰਚਲਿਤ ਚਿੰਤਨ–ਵਿਧੀ ਨੂੰ, ਸਹਿਜ ਰੂਪ ਵਿਚ ਅਪਨਾ ਰਖਿਆ ਸੀ। ਇਹ ਵਿਧੀ ਬ੍ਰਹਮ–ਹੋਂਦ ਨੂੰ ਮਨੁੱਖੀ ਚਰਿੱਤਰ ਤੋਂ ਵਿਯੁਕਤ ਕਰ ਕੇ ਵੇਖਦੀ ਹੈ, (ਪੁਸਤਕ ਪਾਰਗਾਮੀ, ਲੇਖ : ਪੁਰਾਤਨ ਜਨਮਸਾਖੀ,ਪੰਨਾ 34)

–ਗੁਰਬਾਣੀ ਦਾ ਵਸਤੂ–ਜਗਤ ਵੀ ਬ੍ਰਹਮ ਨਾਲ ਸੰਜੁਗਤ ਹੈ। ਗੁਰਬਾਣੀ ਬ੍ਰਹਮ–ਕੇਂਦਰਿਤ ਸਿਰਜਨ ਹੈ ਅਤੇ ਸਾਖੀ ਗੁਰੂ–ਕੇਂਦਰਿਤ। (ਪਾਰਗਾਮੀ, ਲੇਖ : ਪੁਰਾਤਨ ਜਨਮਸਾਖੀ, ਪੰਨਾ 34, 35)

'ਪਾਰਗਾਮੀ' ਪੁਸਤਕ ਵਿਚ ਡਾ. ਹਰਿਭਜਨ ਸਿੰਘ ਨੇ ਗੁਰਬਾਣੀ ਦੇ ਭਾਵ–ਜਗਤ ਨਾਲ ਰਿਸ਼ਤੇ ਨੂੰ ਬਿਆਨ

ਕਰਦੇ ਹੋਏ ਦਰਸਾਇਆ ਹੈ ਕਿ ਗੁਰਬਾਣੀ ਦਾ ਬਲ ਭਾਵ-ਵਿਸਤਾਰਨ ਦੀ ਬਨਿਸਬਤ ਭਾਵ-ਨਿਸਤਾਰਨ 'ਤੇ ਹੈ। ਗੁਰਬਾਣੀ ਚਿੰਤਨ ਭਾਵਾਂ ਨੂੰ ਆਪਣੀ ਸ਼ਰਨ 'ਚ ਲੈ ਲੈਂਦਾ ਹੈ। ਅਜਿਹਾ ਕਰਦਿਆਂ ਬਾਣੀਕਾਰ ਦੀ ਟੇਕ ਹਮੇਸ਼ਾ ਪਾਰਬ੍ਰਹਮ ਦੀ ਸ਼ੁੱਧ ਅਵਸਥਾ 'ਤੇ ਹੁੰਦੀ ਹੈ।

'-ਬਾਣੀਕਾਰ ਬ੍ਰਹਮਤਾ ਅਤੇ ਮਨੁੱਖਤਾ ਨਾਲ ਸੰਬੰਧਿਤ ਦੋਮੁਖੀ ਪ੍ਰਕਿਰਤੀ ਤੋਂ ਪਾਰ ਸ਼ੁੱਧ ਬ੍ਰਹਮਤਾ ਤੱਕ ਪਹੁੰਚਣਾ ਚਾਹੁੰਦਾ ਹੈ। (ਨਾਨਕ ਬਾਣੀ ਤੇ ਸ਼ਿੰਗਾਰ ਸਿਰਜਣਾ, ਪੰਨਾ 59)

ਇਹੋ ਕਾਰਨ ਹੈ ਕਿ ਗੁਰਬਾਣੀ ਵਿਚ ਅਦਵੈਤ ਦੇ ਸ਼ਿੰਗਾਰੀ ਪ੍ਰਮਾਣ ਘੱਟ ਮਿਲਦੇ ਹਨ। ਬਹੁਤੀ ਰਚਨਾ ਤਨਾਉਸ਼ੀਲ ਦਵੈਤੀ ਸ਼ਿੰਗਾਰਮਈ ਹੈ। ਇਹੀ ਗੱਲ ਗੁਰਬਾਣੀ ਵਿਚ ਵਰਤੇ ਪ੍ਰਤੀਕਾਂ' ਤੇ ਵੀ ਢੁੱਕਦੀ ਹੈ।

'-ਬਾਣੀ ਦੇ ਸੰਸਾਰ ਵਿਚ ਬ੍ਰਹਮ ਅਦਵੈਤੀ ਹੋਂਦ ਹੈ, ਪਰ ਉਸ ਦਾ ਪ੍ਰਗਟਾਵਾ ਪ੍ਰਤੀਕ ਤੇ ਵਸਤੂ ਦੀ ਦਵੈਤ ਰਾਹੀਂ ਹੋਇਆ ਹੈ। ਇਸ ਦੇ ਉਲਟ ਜੀਵ ਦੀ ਪ੍ਰਕਿਰਤੀ ਦਵੈਤੀ ਹੈ, ਪਰ ਉਸ ਦਾ ਪ੍ਰਗਟਾਵਾ ਅਦਵੈਤੀ ਪ੍ਰਤੀਕ (ਮਾਨਵ ਇਸਤ੍ਰੀ) ਰਾਹੀਂ ਹੋਇਆ ਹੈ।' (ਨਾਨਕ ਬਾਣੀ ਤੇ ਸ਼ਿੰਗਾਰ ਸਿਰਜਣਾ, ਪੰਨਾ 61)

ਡਾ. ਹਰਿਭਜਨ ਸਿੰਘ ਇਹ ਮੰਨ ਕੇ ਚਲਦੇ ਹਨ ਕਿ ਬਾਣੀ ਦਾ ਨਿਖੇੜਾ ਚੰਗੀ ਮੰਦੀ ਸੰਸਾਰ ਸਾਧਨਾਂ ਦੀ ਥਾਂ ਸੰਸਾਰ ਸਾਧਨਾ ਅਤੇ ਨਾਮ ਸਾਧਨਾ ਵਿਚ ਹੈ। ਇਸ ਲਈ ਗੁਰਮਤਿ ਕਿਸੇ ਦੁਨੀਆਵੀ ਜੱਜ ਦੀ ਹੋਂਦ ਨੂੰ ਸਥਾਨ ਨਾ ਦੇ ਕੇ ਧਰਮ ਦੀ ਕਚਹਿਰੀ ਨੂੰ ਸਰਬੋਤਮ ਦਰਜਾ ਪ੍ਰਦਾਨ ਕਰਦੀ ਹੈ। ਗੁਰਬਾਣੀ ਦੇ ਵਿਆਖਿਆਕਾਰਾਂ ਦਾ ਧਿਆਨ ਇਸ ਪੱਖੋਂ ਪਾਸੇ ਰਿਹਾ ਹੈ।

'ਸਮੁੱਚੀ ਬਾਣੀ ਵਿਚ ਅਨਚਾਰੀ ਵਿਅਕਤੀ ਨਾ ਰਾਜ-ਕਚਹਿਰੀ ਵਿਚ ਪੇਸ਼ ਹੈ ਨਾ ਲੋਕ-ਕਚਹਿਰੀ ਵਿਚ, ਬਾਣੀ ਦੀ ਕਚਹਿਰੀ ਦੈਵੀ, ਪਾਰਲੌਕਿਕ ਹੈ। ਭੌਤਿਕਵਾਦੀ ਵਿਆਖਿਆਕਾਰਾਂ ਦਾ ਧਿਆਨ, ਸਹਿਵਨ ਜਾਂ ਜਾਣ ਬੁਝ ਕੇ ਇਸ ਪਾਸੇ ਨਹੀਂ ਗਿਆ।' (ਨਾਨਕ ਬਾਣੀ ਦਾ ਆਲੋਚਨਾ ਵਿਧਾਨ, ਪੰਨਾ 71-72)

ਗੁਰਬਾਣੀ ਪਾਰਬ੍ਰਹਮ ਦੀ ਸਦੀਵੀ ਹੋਂਦ 'ਤੇ ਕੇਂਦਰਿਤ ਸਰਵ ਲੌਕਿਕ ਆਨੰਦ ਨੂੰ ਸਨਮੁੱਖ ਰੱਖਦੀ ਹੈ। ਇਹੋ ਕਾਰਨ ਹੈ ਕਿ ਗੁਰਬਾਣੀ ਖੰਡਾਰਥ ਬਿਰਤੀ ਦੀ ਵਿਰੋਧੀ ਅਤੇ ਸਰਬਾਰਥ ਦ੍ਰਿਸ਼ਟੀ ਦੀ ਲਖਾਇਕ ਹੈ।'ਨਾਨਕ ਚਿੰਤਨ ਇਹ ਲੋਕ-ਪਰਲੋਕ, ਸਰੀਰ-ਆਤਮਾ, ਖੰਡਾਰਥ-ਸਰਬਾਰਥ ਦੀ ਭਿੰਨਤਾ ਦੀ ਬੁਨਿਆਦ ਉੱਪਰ ਉਸਾਰੀ ਕਰਦਾ ਹੈ।' (ਨਾਨਕ ਬਾਣੀ ਦਾ ਆਲੋਚਨਾ ਵਿਧਾਨ, ਪੰਨਾ 70)

'ਗੁਰਬਾਣੀ ਦੀ ਸਰਬਾਰਥ ਦ੍ਰਿਸ਼ਟੀ ਕਿਸੇ ਵੀ ਪ੍ਰਕਾਰ ਦੇ ਖੰਡਾਰਥ ਦੀ ਵਿਰੋਧੀ ਹੈ।' (ਨਾਨਕ ਬਾਣੀ ਦਾ ਆਲੋਚਨਾ ਵਿਧਾਨ, ਪੰਨਾ 76)

ਗੁਰਬਾਣੀ ਦੇ ਚਿੰਤਨ ਵਿਚ ਪਰਲੋਕ ਤੇ ਪਰਮਾਤਮਾ ਵਾਸਤਵਿਕ ਹੋਂਦ ਰੱਖਦੇ ਹਨ । ਇਹ ਲੋਕ ਅਤੇ ਇਸ ਲੋਕ ਦਾ ਜੀਵਨ ਬੌਧਿਕ ਆਚਾਰ ਹਨ। '-ਪਰਲੋਕ ਤੇ ਪਰਮਾਤਮਾ ਬਾਣੀ ਦੀਆਂ ਵਾਸਤਵਿਕ ਹੋਂਦਾਂ ਹਨ ਅਤੇ ਇਨ੍ਹਾਂ ਤੋਂ ਵਿਛੁੰਨਾ ਇਹ ਲੋਕ ਤੇ ਇਹਜੀਵਨ ਬੌਧਿਕ ਆਚਾਰ ਹੈ।' (ਨਾਨਕ ਬਾਣੀ ਦਾ ਅਲੋਚਨਾ ਵਿਧਾਨ, ਪੰਨਾ 77)

ਡਾ. ਹਰਿਭਜਨ ਸਿੰਘ ਆਪਣੇ ਲੇਖ 'ਅਜੋਕੀ ਪੰਜਾਬੀ ਆਲੋਚਨਾ: ਸਥਿਤੀ ਅਤੇ ਪ੍ਰਗਤੀ ਦੇ ਪੰਨਾ ਨੰ: 20 'ਤੇ ਲਿਖਦੇ ਹਨ:

'ਅਜੋਕਾ ਸਮਾਲੋਚਕ ਧਰਮ ਨੂੰ ਆਪਣੇ ਮਨੋਰਥ ਲਈ ਵਰਤਦਾ ਹੋਇਆ ਵੀ ਉਸ ਦੇ ਪਾਰਲੌਕਿਕ ਸੰਦਰਭ ਨੂੰ ਗਾਇਬ ਕਰ ਦੇਂਦਾ ਹੈ। ਪਰਲੋਕ, ਪਰਮਾਤਮਾ ਉਸ ਲਈ ਵਾਸਤਵਿਕ ਹਕੀਕਤਾਂ ਨਹੀਂ, ਪ੍ਰਤੀਕਾਤਮਕ ਹਕੀਕਤਾਂ ਹਨ ਜਿਨ੍ਹਾਂ ਦੇ ਅਰਥ ਤਾਂ ਹੋ ਸਕਦੇ ਹਨ, ਪਰ ਜੋ ਜੀਊ ਨਹੀਂ ਸਕਦੀਆਂ।' ਇਸ ਪਰਿਭਾਸ਼ਾ ਵਿਚ ਡਾ. ਸਾਹਿਬ ਅਜੋਕੀ ਪੰਜਾਬੀ ਆਲੋਚਨਾ ਦਾ ਧਰਮ ਪ੍ਰਤੀ ਅਪਣਾਇਆ ਵਤੀਰਾ ਦਰਸਾ ਕੇ ਇਸ ਗੱਲ ਵੱਲ ਇਸ਼ਾਰਾ ਕਰ ਰਹੇ ਹਨ ਕਿ ਪਰਲੋਕ ਅਤੇ ਪਰਮਾਤਮਾ ਨੂੰ ਪ੍ਰਤੀਕਾਤਮਕ ਹਕੀਕਤ ਦੀ ਬਨਿਸਬਤ ਵਾਸਤਵਿਕ ਹਕੀਕਤ ਮੰਨ ਕੇ ਅਤੇ ਇਸ ਦੇ ਪਾਰਲੌਕਿਕ ਸੰਦਰਭ ਨੂੰ ਪਛਾਣ ਕੇ ਹੀ ਧਰਮ ਦੇ ਅਸਲੀ ਸਰੂਪ ਨੂੰ ਉਜਾਗਰ ਕੀਤਾ ਜਾ ਸਕਦਾ ਹੈ। (ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ : ਸੰਬਾਦ ਤੇ ਮੁਲਾਂਕਣ, ਸੰਪਾ: ਹਰਿਭਜਨ ਸਿੰਘ ਭਾਟੀਆ, ਗੁ: ਨ: ਦੇ: ਯੂਨੀ., ਅੰਮ੍ਰਿਤਸਰ)

ਡਾ. ਹਰਿਭਜਨ ਸਿੰਘ ਦੀ ਆਲੋਚਨਾਤਮਿਕ ਪੁਸਤਕ 'ਮੂਲ ਤੇ ਮੂਲਾਂਕਣ' ਵਿਚ ਪੁਰਾਤਨ ਜਨਮ ਸਾਖੀ ਦੇ ਆਧਾਰ 'ਤੇ ਸਾਖੀਕਾਰ ਦੀ ਦ੍ਰਿਸ਼ਟੀ ਸਬੰਧੀ ਹਵਾਲੇ ਵੇਖਣਯੋਗ ਹਨ:

–ਪੁਰਾਤਨ ਜਨਮ ਸਾਖੀ ਦਾ ਸੁਭਾਉ ਵੀ ਨਿਸਚੇ ਹੀ ਪੁਰਾਤਨ ਹੈ – ਪੰਨਾ : 35

–ਸਾਖੀਕਾਰ ਨਿਸਤਾਰਣ ਤੋਂ ਵੀ ਪਹਿਲਾਂ ਆਪਣੇ ਨਾਇਕ ਦਾ ਸੰਬੰਧ (ਨ5)– ਦਿੱਬਤਾ ਨਾਲ ਸਥਾਪਿਤ ਕਰਨਾ ਚਾਹੁੰਦਾ ਹੈ ਅਤੇ ਉਸ ਨੂੰ ਦਿੱਬ–ਸਿਰਜਣ–ਪਰੰਪਰਾ ਵਿਚ ਸਰਵ–ਪਰਵਾਨ ਅਤੇ ਸਿਰਮੌਰ ਸਿੱਧ ਕਰਨਾ ਚਾਹੁੰਦਾ ਹੈ। ਪੰਨਾ 35

–ਬਾਬਾ ਨਾਨਕ ਇੱਕੋ  ਸਮੇਂ ਦੈਵੀ ਅਤੇ ਸੰਪਰਦਾਇਕ ਸੰਦਰਭ ਵਿਚ ਪ੍ਰਵੇਸ਼ ਕਰ ਰਿਹਾ ਹੈ। –ਪੰਨਾ 35

–ਦੈਵੀ ਸਾਂਝ ਅਤੇ ਸੰਪਰਦਾਇਕ ਵਿਲੱਖਣਤਾ ਦਾ ਇਹ ਤਣਾਉ ਪੁਰਾਤਨ ਜਨਮ ਸਾਖੀ ਦਾ ਸੰਰਚਨਾਤਮਕ ਸਿੱਧਾਂਤ ਹੈ। ਦੇਵਤੇ ਸਿੱਧ ਨਾਥ, ਬੀਰ, ਜਤੀ ਰੱਦ ਨਹੀਂ ਕੀਤੇ ਜਾ ਸਕਦੇ ਕਿਉਂਕਿ ਉਨ੍ਹਾਂ ਦੀ ਹੋਂਦ ਜਿਸ ਦਿੱਬ–ਸਿਧਾਂਤ ਉੱਪਰ ਆਧਾਰਿਤ ਹੈ ਉਸੇ ਉੱਪਰ ਆਧਾਰਿਤ ਹੈ ਪਾਰਬ੍ਰਹਮ ਕੇ ਨਿਜ ਭਗਤੁ ਬਾਬਾ ਨਾਨਕੁ ਦਾ ਨਾਇਕਤਵ। ਪੰਨਾ 35

–ਸਾਖੀਕਾਰ ਪੂਰਬ–ਸਿਰਜਤ ਦਿੱਬ–ਸੰਪਰਦਾਇਕ–ਸੰਸਾਰ ਨੂੰ ਨਾ ਤਿਆਗਦਾ ਹੈ, ਨਾ ਉਸ ਵਿਚ ਪ੍ਰਵੇਸ਼ ਕਰਦਾ ਹੈ, ਉਨ੍ਹਾਂ ਪਾਸੋਂ ਆਪਣੇ ਨਾਇਕ ਦੀ ਸਿਰਮੌਰਤਾ ਸਵੀਕਾਰ ਕਰਾਉਣਾ ਚਾਹੁੰਦਾ ਹੈ। –ਪੰਨਾ 35

–ਸਾਖੀਕਾਰ ਭਾਰਤ ਦੀ ਸਾਰੀ ਦਿੱਬ–ਪਰੰਪਰਾ ਦਾ ਅੰਗ ਬਣਨਾ ਚਾਹੁੰਦਾ ਹੈ ਅਤੇ ਆਪਣੇ ਨਾਇਕ ਨੂੰ ਉਨ੍ਹਾਂ ਦਾ ਸਿਰਮੌਰ ਥਾਪ ਕੇ ਆਪਣੀ ਵਿਲੱਖਣਤਾ ਨੂੰ ਸਥਾਪਿਤ ਕਰਨਾ ਚਾਹੁੰਦਾ ਹੈ। ਪੰਨਾ 37

– ਪਾਰਲੌਕਿਕ ਦਿੱਬਤਾ ਅਤੇ ਲੌਕਿਕ ਸੰਪਰਦਾਇਕਤਾ ਵਿਚਲਾ ਤਣਾਉ ਜਨਮਸਾਖੀ ਦੇ ਆਰੰਭ ਵਿਚ ਹੀ ਰੇਖਾਂਕਿਤ ਕਰ ਦਿਤਾ ਗਿਆ ਹੈ। ਪੰਨਾ 37

–ਜਨਮਸਾਖੀ ਦਾ ਦਿੱਬ ਸੰਸਾਰ ਜਿਤਨਾ ਸਰਲ ਅਤੇ ਸਪੱਸ਼ਟ ਹੈ ਉਤਨਾ ਹੀ ਸਥੂਲ ਵੀ। –ਪੰਨਾ 39

–ਸਾਖੀਕਾਰ ਦਿੱਬਤਾ ਨੂੰ ਸੰਪਰਦਾਇਕਤਾ ਦੇ ਹੱਕ ਵਿਚ ਵਰਤਣਾ ਚਾਹੁੰਦਾ ਹੈ। –ਪੰਨਾ 41

–ਗੁਰੂ ਨਾਨਕ ਦੀ ਦਿੱਬਤਾ ਦੋ ਰੂੜ੍ਹੀਆਂ ਰਾਹੀਂ ਪੇਸ਼ ਹੁੰਦੀ ਹੈ। ਉਹ ਜਾਂ ਤਾਂ ਪਰਾ–ਪ੍ਰਕ੍ਰਿਤਿਕ ਕਰਾਮਾਤਾਂ ਰਾਹੀਂ ਆਪਣਾ ਪ੍ਰਭਾਵ ਸਿਰਜਦੇ ਹਨ ਅਤੇ ਜਾਂ ਬਾਣੀ ਉਚਾਰਣ ਰਾਹੀਂ। –ਪੰਨਾ 38

–ਧਰਮ ਦੇ ਬਹੁਤ ਵੱਡੇ ਪਸਾਰੇ ਨੂੰ ਕਾਵਿ–ਮਾਧਿਅਮ ਦੀ ਮੁਥਾਜੀ ਨਹੀਂ, ਪਰ ਧਾਰਮਿਕ–ਕਾਵਿ ਦੇ ਸੀਮਿਤ ਪਸਾਰੇ ਵਿਚ ਸਮੁੱਚੀ ਧਾਰਮਿਕਤਾ ਸਮਾ ਜਾਂਦੀ ਹੈ। ਅਸਲ ਵਿਚ, ਧਾਰਮਿਕ ਸੰਸਾਰ ਦੇ ਅਦਵੈਤੀ ਅਤੇ ਅਖੰਡ ਸੁਭਾਉ ਦਾ ਚਮਤਕਾਰ ਇਹ ਹੈ ਕਿ ਉਸ ਦੇ ਅੰਸ਼ ਵੀ ਪੂਰਨ ਬਿਰਤੀ ਵਾਲੇ ਹੁੰਦੇ ਹਨ। (ਨਾਨਕ ਬਾਣੀ ਦਾ ਅਲੋਚਨਾ ਵਿਧਾਨ, ਪੰਨਾ 15)

–ਧਾਰਮਕ ਕਾਵਿ ਨੂੰ ਜਿਸ ਪ੍ਰਕਾਰ ਦੀ ਸਰਬਾਰਥ ਦ੍ਰਿਸ਼ਟੀ ਦਾ ਪ੍ਰਕਾਸ਼ ਪ੍ਰਾਪਤ ਹੁੰਦਾ ਹੈ, ਉਹ ਲੌਕਿਕ ਕਾਵਿ ਦੇ ਹਿੱਸੇ ਨਹੀਂ ਆਉਂਦਾ। ਸਰਬਾਰਥ ਪ੍ਰਕਾਸ਼–ਦ੍ਰਿਸ਼ਟੀ ਹੀ ਧਾਰਮਿਕ ਕਾਵਿ ਨੂੰ ਲੌਕਿਕ ਕਾਵਿ ਤੋਂ ਵੱਖਰਿਆਉਂਦੀ ਹੈ। (ਮੂਲ ਤੇ ਮੁਲਾਂਕਣ, ਪੰਨਾ 17)

ਡਾ. ਸਾਹਿਬ ਨੇ ਆਪਣੀ ਆਲੋਚਨਾਤਮਕ ਪੁਸਤਕ 'ਪਤਰਾਂਜਲੀ' ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਵੇਚਨ ਪੇਸ਼ ਕੀਤਾ ਹੈ। 'ਮੇਰਾ ਮਤ ਹੈ ਕਿ ਹਰ ਸੰਰਚਨਾ ਇਕ ਪ੍ਰਯੋਗ ਹੈ, ਜਿਸਦੀ ਉਤਪਤੀ ਕਿਸੇ ਪਰੰਪਰਾ ਵਿਚੋਂ ਹੁੰਦੀ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਗੁਰਬਾਣੀ ਜਾਂ ਨਾਨਕ ਛਾਪ ਹੇਠ ਲਿਖੀ ਬਾਣੀ ਦਾ ਹੀ ਇਕ ਅੰਗ ਹੈ। ਪਰ, ਗੁਰਬਾਣੀ ਤੋਂ ਪਹਿਲਾਂ ਵੀ ਬਾਣੀ–ਸਾਹਿਤ ਦੀ ਦੀਰਘ–ਪਰੰਪਰਾ ਸਥਾਪਿਤ ਹੋ ਚੁੱਕੀ ਸੀ। ਸਿਧਬਾਣੀ, ਨਾਥਬਾਣੀ, ਸੰਤਬਾਣੀ, ਅਤੇ ਗੁਰਬਾਣੀ – ਇੱਕੋ ਬਾਣੀ–ਪਰੰਪਰਾ ਦੇ ਚਾਰ ਵੱਖ–ਵੱਖ ਪ੍ਰਯੋਗ ਹਨ।' (ਗੁਰੂ ਤੇਗ ਬਹਾਦਰ ਦੀ ਬਾਣੀ, ਪੰਨਾ 24)

ਟਿੱਪਣੀ: ਗੁਰਬਾਣੀ ਪਰੰਪਰਾ ਵਿਚ ਮਿਲਦੀ ਸਿਧ ਬਾਣੀ, ਨਾਥ ਬਾਣੀ, ਸੰਤ ਬਾਣੀ ਤੋਂ ਬਾਣੀ ਸ਼ਬਦ ਸਹਿਜ ਰੂਪ ਵਿਚ ਹੀ ਪ੍ਰਾਪਤ ਕਰਦੀ ਹੈ, ਜਿਵੇਂ ਬੁੱਧ ਦੇ ਸੰਘ ਤੋਂ ਸੰਗਤ ਸ਼ਬਦ ਪ੍ਰਾਪਤ ਕੀਤਾ ਗਿਆ ਹੈ, ਜਿੱਥੋਂ ਤੱਕ ਗੁਰਮਤਿ ਚਿੰਤਨ ਦਾ ਸੁਆਲ ਹੈ, ਉਹ ਕਿਸੇ ਪਰੰਪਰਾ ਦਾ ਅਨੁਯਾਈ ਨਹੀਂ ਹੈ ਜਾਂ ਇੰਜ ਕਹਿ ਸਕਦੇ ਹਾਂ ਕਿ ਰੂਹਾਨੀਅਤ ਦੀ ਸਰਵ ਸਾਂਝੀ ਪਰੰਪਰਾ ਨੂੰ ਗੁਰਬਾਣੀ ਆਤਮਸਾਤ ਕਰਕੇ ਆਪਣੇ ਸਮੇਂ ਦੀ ਭਾਸ਼ਾ ਦੇ ਪ੍ਰਚਲਿਤ ਰੂਪਾਂ ਵਿਚ ਪ੍ਰਗਟਾਉਂਦੀ ਹੈ।

–ਗੁਰਬਾਣੀ ਦੀ ਅਧਿਆਤਮਕ ਅਤੇ ਭਾਸ਼ਕ ਯਾਤ੍ਰਾ ਸਰਲੀਕਰਣ (Simplification) ਵਲ ਹੈ। ਗੁਰੂ ਤੇਗ ਬਹਾਦਰ ਤਕ ਪਹੁੰਚ ਕੇ ਸਰਲੀਕਰਣ ਦੀ ਪ੍ਰਕਿਰਿਆ ਆਪਣੀ ਪਰਮ ਸਫ਼ਲਤਾ ਤੱਕ ਅਪੜਦੀ ਹੈ। (ਗੁਰੂ ਤੇਗ ਬਹਾਦਰ ਦੀ ਬਾਣੀ, ਪੰਨਾ 28)

–ਸਿੱਧ ਬਾਣੀ ਤੋਂ ਗੁਰਬਾਣੀ ਤੱਕ ਯਾਤ੍ਰਾ –ਜਟਿਲਤਾ ਤੋਂ ਸਰਲਤਾ ਵੱਲ ਹੈ। (ਗੁਰੂ ਤੇਗ ਬਹਾਦਰ ਦੀ ਬਾਣੀ, ਪੰਨਾ 31)

ਟਿੱਪਣੀ: ਡਾ. ਹਰਿਭਜਨ ਸਿੰਘ ਆਪਣੇ ਨਿਬੰਧ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਗੁਰੂ ਤੇਗ ਬਹਾਦਰ ਰਚਿਤ ਬਾਣੀ ਦੀ ਭਾਸ਼ਾ ਦੇ ਆਧਾਰ 'ਤੇ ਇਹ ਸਿੱਟਾ ਕੱਢ ਲੈਂਦੇ ਹਨ ਕਿ ਸਿੱਧ ਬਾਣੀ ਤੋਂ ਗੁਰਬਾਣੀ ਤੱਕ ਯਾਤ੍ਰਾ ਜਟਿਲਤਾ ਤੋਂ ਸਰਲਤਾ ਵੱਲ ਹੈ। ਇਸ ਧਾਰਨਾ ਵਿਚ ਉਹ ਅਚੇਤ ਹੀ ਸਿੱਧ ਬਾਣੀ ਨੂੰ ਜਟਿਲ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸਰਲ ਦਾ ਖ਼ਿਤਾਬ ਬਖ਼ਸ਼ ਕੇ ਇਸ ਨੂੰ ਸਿਧ ਬਾਣੀ ਦੀ ਪਰੰਪਰਾ ਨਾਲ ਜੋੜ ਦਿੰਦੇ ਹਨ। ਮੇਰੇ ਖ਼ਿਆਲ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਸੁਖੈਨਤਾ ਉਸ ਦੇ ਸ਼ਾਬਦਿਕ ਆਧਾਰ ਤੇ ਹੋ ਸਕਦੀ ਹੈ, ਪਰ ਵਿਚਾਰ ਦੇ ਆਧਾਰ ਤੇ ਨਹੀਂ।

ਡਾ. ਹਰਿਭਜਨ ਸਿੰਘ ਦੀ ਪੁਸਤਕ 'ਅਧਿਅਨ ਤੇ ਅਧਿਆਪਨ' ਵਿਚੋਂ ਹੇਠ ਲਿਖੀਆਂ ਟੂਕਾਂ ਦੇਖ ਸਕਦੇ ਹਾਂ:

–ਧਾਰਮਿਕ ਚਿੰਤਨ–ਵਿਧੀ ਸਭ ਨਿਰਣੇ ਪਰਮ–ਸੱਤਾ ਜਾਂ ਪਰਮ–ਸਤਿ ਦੇ ਪ੍ਰਸੰਗ ਵਿਚ ਕਰਦੀ ਹੈ। ਧਰਮ ਨੂੰ ਨਾ ਸੁੰਦਰ ਨਾਲ ਮੋਹ ਹੈ, ਨਾ ਮੁਲਵਾਨ ਨਾਲ। (ਗੁਰੂ ਨਾਨਕ ਦੀ ਕਾਵਿ–ਭਾਵਨਾ, ਪੰਨਾ 17)

–ਨਾਨਕ ਬਾਣੀ ਧਰਮ ਵੀ ਹੈ, ਤੇ ਕਲਾ ਵੀ; ਫ਼ਿਲਾਸਫ਼ੀ ਵੀ ਤੇ ਇਤਿਹਾਸ ਵੀ, ਦ੍ਰਿਸ਼ਟੀ ਵੀ ਤੇ ਭਾਵਨਾ ਵੀ। (ਗੁਰੂ ਨਾਲਕ ਦੀ ਕਾਵਿ–ਭਾਵਨਾ, ਪੰਨਾ 25)

–ਮੇਰੇ ਮੱਤ ਅਨੁਸਾਰ ਨਾਨਕਬਾਣੀ ਦਾ ਸੰਦੇਸ਼ ਸਮਰੀ–ਆਰੀਆਈ–ਚਿੰਤਨ–ਵਿਧੀਆਂ ਦੇ ਮਿਸ਼ਰਣ ਤੋਂ ਹੀ ਵਜੂਦ ਵਿਚ ਆਇਆ। ਉਪਦੇਸ਼ ਦਾ ਪਹਿਲਾ ਵਾਕ ਹੈ ੴ: ਈਸ਼ਵਰ ਇਕ ਵੀ ਹੈ ਅਤੇ ਓਂਕਾਰ ਵੀ। ਅਧਿਆਤਮਕ ਸਾਧਨਾ ਇਕ ਤੋਂ ਓਂਕਾਰ ਵੱਲ ਇਕੇਸ਼ਵਰਵਾਦ ਤੋਂ ਅਦਵੈਤਵਾਦ ਵੱਲ ਯਾਤ੍ਰਾ ਹੈ। (ਗੁਰੂ ਨਾਨਕ ਦਾ ਸੰਦੇਸ਼, ਪੰਨਾ 124)

**ਟਿੱਪਣੀ:** ਗੁਰੂ ਨਾਨਕ ਦਾ ਉਪਦੇਸ਼ ਕਿਸੇ ਤਰ੍ਹਾਂ ਦੌ ਵਾਦੋ ਤੋਂ ਕਿਸੇ ਤਰ੍ਹਾਂ ਦੌ ਵਾਦੋ ਦੀ ਯਾਤ੍ਰਾ ਨਹੀਂ ਹੈ, ਇਹ ਤਾਂ ਪਾਰਬ੍ਰਹਮ ਦੀ ਪਰਿਕਰਮਾ ਹੈ। ਇਸ ਦਾ ਆਦਿ ਤੇ ਅਤ 'ਇੱਕ' ਹੈ ਜਿਸ ਤੱਕ ਕੋਈ ਯਾਤਰਾ ਨਹੀਂ ਹੁੰਦੀ, ਤੇ ਨਾ ਹੀ ਇਹ 'ਵਾਦਾਂ' ਦਾ ਮੁਥਾਜ ਹੈ।

ਮੱਧਜੁਗੀ ਧਰਮ ਵਿਆਪਕ ਸਥਾਪਤੀ ਦਾ ਭਾਵੁਕ ਅੰਗ ਹੈ। ਇਹ ਸਥਾਪਿਤ ਹਿਤਾਂ ਨੂੰ ਅਡੋਲ ਬਣਾਈ ਰੱਖਣ ਦੇ ਪੱਖ ਵਿਚ ਹੈ। ਦਾਸਤਾ ਨੂੰ ਦਿੱਬਤਾ ਦੀ ਰੰਗਣ ਚਾੜ੍ਹ ਕੇ ਧਰਮ ਦਾਸਤਾ ਨੂੰ ਪ੍ਰਸ਼ੰਸ਼ਨੀ ਪਦਵੀ ਉੱਪਰ ਸਥਿਤ ਕਰ ਦੇਂਦਾ ਹੈ। ਇਸ ਸੰਬੰਧ–ਪ੍ਰਬੰਧ ਦਾ ਮੁੱਖ ਭਾਵ ਭੈ ਹੈ। ਭਗਤੀ ਵਿਚ ਵੀ ਪ੍ਰੀਤ ਤੋਂ ਵਧੇਰੇ ਭੈ ਦਾ ਦਖ਼ਲ ਹੈ ਪਰ, ਓਂਕਾਰ ਮਨੁੱਖ ਨੂੰ ਇਸ ਦਾਸਤਾ ਤੋਂ ਮੁਕਤ ਕਰਦਾ ਹੈ। ਦਾਸ ਲਈ ਸਦਾ ਦਾਸ ਬਣਿਆ ਰਹਿਣਾ ਲਾਜ਼ਮੀ ਨਹੀਂ। ਧਰਮ, ਗਿਆਨ, ਕਰਮ ਤੇ ਸਰਮ ਥਾਣੀਂ ਲੰਘ ਕੇ ਇਕ ਦਿਨ ਦਾਸ ਨੂੰ ਆਪਣੇ ਹੀ ਅੰਦਰ ਆਪਣੀ ਸਾਹਿਬੀ ਦਾ ਬੋਧ ਹੁੰਦਾ ਹੈ ਅਤੇ ਉਹ ਪਾਰਬ੍ਰਹਮ ਪਦਵੀ ਪ੍ਰਾਪਤ ਕਰਨ ਦੇ ਯੋਗ ਬਣਦਾ ਹੈ। ਉਹ ਨਿਮਨਤਾ ਨੂੰ ਤਿਆਗ ਕੇ ਉੱਚਤਮ ਦਿੱਬਤਾ ਦਾ ਹਾਣੀ ਬਣ ਜਾਂਦਾ ਹੈ। ਸਾਧਨਾ ਦੀ ਅੰਤਿਮ ਮਨਜ਼ਿਲ ਅਦਵੈਤ ਦਿੱਬਤਾ ਹੀ ਹੈ। (ਗੁਰੂ ਨਾਨਕ ਦਾ ਸੰਦੇਸ਼, ਪੰਨਾ 124)

**ਟਿੱਪਣੀ:** ਡਾ. ਹਰਿਭਜਨ ਸਿੰਘ ਦੀ ਇਹ ਦ੍ਰਿਸ਼ਟੀ ਗੁਰਬਾਣੀ ਦੇ ਗੂਹਜ ਅਰਥ ਨੂੰ ਉਜਆਰਦੀ ਹੈ। ਇਸ ਦੀ ਪ੍ਰਸੰਸਾ ਕਰਨੀ ਬਣਦੀ ਹੈ। ਅਦਵੈਤੀ ਦਿੱਬਤਾ ਹੀ ਮਨੁੱਖ ਨੂੰ ਨਿਰਭਉ ਨਿਰਵੈਰ ਦੇ ਰੂਹਾਨੀ ਗੁਣ ਪ੍ਰਦਾਨ ਕਰਕੇ ਪਾਰਬ੍ਰਹਮ ਅੰਦਰ ਲੀਨ ਕਰਦੀ ਹੈ। ਇਹ ਦਾਸ ਤੋਂ ਸਾਹਿਬ ਹੋਣ ਦੀ ਪ੍ਰਕਿਰਿਆ ਹੀ ਨਾਮ ਜਪਣ ਦੀ ਪ੍ਰਕਿਰਿਆ ਰਾਹੀਂ ਉਜਾਗਰ ਹੁੰਦੀ ਹੈ। ਗੁਰਮਤਿ ਚਿੰਤਨ ਦਾ ਇਹੋ ਉਦੇਸ਼ ਹੈ ਅਤੇ ਅੰਤਿਮ ਨਿਸ਼ਾਨਾ ਵੀ।

–ੴ ਦਾਸਤਾ ਦੀ ਸਥਿਤੀ ਨੂੰ ਵਸਤੂ–ਸਤਿ ਮੰਨ ਕੇ ਤੁਰਦਾ ਹੈ ਅਤੇ ਫੇਰ ਉਸ ਨੂੰ ਨਕਾਰਦਾ ਅਤੇ ਉਸ ਤੋਂ ਮੁਕਤ ਹੋ ਜਾਂਦਾ ਹੈ। (ਗੁਰੂ ਨਾਨਕ ਦਾ ਸੰਦੇਸ਼, ਪੰਨਾ 124)

–ੴ ਨੂੰ ਨਿਰਭਉ ਅਤੇ ਨਿਰਵੈਰ ਵਿਸ਼ੇਸ਼ਣਾਂ ਨਾਲ ਸੰਬੰਧਿਤ ਕਰਕੇ ਨਾਨਕ–ਬਾਣੀ ਤਤਕਾਲੀ ਇਤਿਹਾਸਕ ਵਸਤੂ–ਸਥਿਤੀ ਪ੍ਰਤੀ ਵਿਦਰੋਹ ਦਾ ਸੁਰ ਉਚਾਰਦੀ ਹੈ। (ਗੁਰੂ ਨਾਨਕ ਦਾ ਸੰਦੇਸ਼, ਪੰਨਾ 125)

**ਟਿੱਪਣੀ:** ਕੀ ਗੁਰੂ ਨਾਨਕ ਬਾਣੀ ਦਾ ਮਨਸ਼ਾ ਤਤਕਾਲੀ ਇਤਿਹਾਸਕ ਵਸਤੂ–ਸਥਿਤੀ ਪ੍ਰਤੀ ਵਿਦਰੋਹ ਪੈਦਾ ਕਰਨਾ ਸੀ? ਕੀ 'ਵਿਦਰੋਹ' ਸ਼ਬਦ ਮਹਾਨ ਗੁਰੂ ਦੀ ਦਿੱਬ–ਚੇਤਨਾ ਨਾਲ ਜੋੜ ਕੇ ਉਨ੍ਹਾਂ ਦੇ ਕਾਰਜ ਨੂੰ ਸੀਮਿਤ ਨਹੀਂ ਕਰ

ਰਿਹਾ?

1 ਤੋਂ ੳ ਤੱਕ ਦੀ ਯਾਤ੍ਰਾ ਵਿਚ ਨਾ ਸ਼ੁੱਧ ਮੂਰਖਤਾ ਕੰਮ ਆਉਂਦੀ ਹੈ, ਨਾ ਖ਼ਾਲਸ ਪੰਡਤਾਈ। ਇਕੇਸ਼ਵਰਵਾਦ ਤੋਂ ਅਦਵੈਤ ਤੱਕ ਦੀ ਯਾਤ੍ਰਾ ਲਈ ਗਿਆਨ, ਉਮਾਹ ਅਤੇ ਜਤਨ ਤਿੰਨਾਂ ਦੀ ਲੋੜ ਹੈ। (ਗੁਰੂ ਨਾਨਕ ਦਾ ਸੰਦੇਸ਼, ਪੰਨਾ 129)

**ਟਿੱਪਣੀ:** ਕੀ ਗਿਆਨ, ਉਮਾਹ ਤੇ ਜਤਨ ਵਰਗੇ ਗੁਣਾਂ ਨਾਲ 'ਸਿਆਣਪ' ਨਹੀਂ ਜੁੜ ਜਾਂਦੀ? ਜੇ ਸਿਆਣਪ ਤੇ ਹੀਲਾ ਸ਼ਬਦਾਂ ਨੂੰ ਵਰਤੀਏ ਤਾਂ ਕੀ ਇਹਨਾਂ ਨਾਲ ਪਾਰਬ੍ਰਹਮ ਦੀ ਪਰਿਕਰਮਾ ਹੋ ਸਕਦੀ ਹੈ?

-ਇਤਿਹਾਸ ਨੂੰ ਆਪਣੀ ਜ਼ਿੰਦਗੀ ਦਾ ਪਰਮ ਸਤਿ ਮੰਨ ਕੇ ਤੁਰਨ ਵਾਲੀ ਨਾਨਕ-ਸੰਸਥਾ ਨੇ ਨਾਨਕ-ਬਾਣੀ ਨੂੰ ਸ਼ੁੱਧ ਵਸਤੂ-ਮੂਲਕ ਅਧਿਅਨ ਦਾ ਵਿਸ਼ਾ ਬਣਨ ਨਹੀਂ ਦਿੱਤਾ। (ਨਾਨਕ ਬਾਣੀ : ਸੰਰਚਨਾ ਸ਼ੈਲੀ ਦਾ ਅਧਿਅਨ, ਪੰਨਾ 133)

**ਟਿੱਪਣੀ:** ਡਾ. ਹਰਿਭਜਨ ਸਿੰਘ ਦੀ ਉਕਤ ਟਿੱਪਣੀ ਵਿਚ ਮਰਮ ਦੀ ਗੱਲ ਛੁਪੀ ਹੋਈ ਹੈ। ਇਸ ਬਾਰੇ ਸਿੱਖ-ਸੰਸਥਾਵਾਂ ਨੂੰ ਪੁਨਰ-ਵਿਵੇਚਨ ਕਰਨ ਦੀ ਲੋੜ ਹੈ। ਕੀ ਇਤਿਹਾਸ ਤੇ ਗੁਰਮਤਿ ਵਿਚੋਂ ਗੁਰਮਤਿ ਦੇ ਸੰਦੇਸ਼ ਨੂੰ ਪਹਿਲ ਦੇਣੀ ਬਣਦੀ ਹੈ ਜਾਂ ਇਤਿਹਾਸ ਨੂੰ। ਇੱਥੇ ਇਹ ਸੁਆਲ ਵੀ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਬਾਣੀ ਕੀ ਸ਼ੁੱਧ ਵਸਤੂਮੂਲਕ ਅਧਿਅਨ ਦਾ ਵਿਸ਼ਾ ਹੀ ਹੈ ਜਾਂ ਕੁਝ ਹੋਰ ਵੀ ਹੈ?

-ਧਰਤੀ ਉੱਪਰ ਮਨੁੱਖ ਦੀ ਸਰਦਾਰੀ ਸਵੀਕਾਰ ਕਰਨ ਵਾਲੀ ਬਾਣੀ ਦਾ ਅੰਤਿਮ ਪਾਤਿਸ਼ਾਹ ਅਰੂਪ ਬ੍ਰਹਮ ਹੀ ਹੈ। (ਨਾਨਕ ਬਾਣੀ : ਸਰੰਚਨਾ ਸ਼ੇਲੀ ਦਾ ਅਧਿਅਨ : ਪੰਨਾ 138)

-ਅਮੂਰਤ ਕੀਮਤ-ਪ੍ਰਬੰਧ ਅਤੇ ਕੀਮਤਾਂ ਉੱਪਰ ਆਧਾਰਿਤ ਸਮੂਰਤ ਚਿਤ੍ਰ ਦਾ ਅੰਤਰ ਹੀ ਦਰਸ਼ਨ ਅਤੇ ਕਾਵਿ ਦਾ ਅੰਤਰ ਹੈ। ਬਾਣੀ ਦਾ ਝੁਕਾਉ, ਅਮੂਰਤ, ਅਰੂਪ, ਅਕਾਲ ਪ੍ਰਤੀ ਹੈ। ਇਸ ਲਈ ਇਸ ਵਿਚ ਸਮੂਰਤ ਬਿੰਬ ਸਿਰਜਣਾ ਪ੍ਰਤੀ ਵਿਸ਼ੇਸ਼ ਰੁਚੀ ਨਹੀਂ। (ਨਾਨਕ ਬਾਣੀ : ਸਰੰਚਨਾ ਸ਼ੈਲੀ ਦਾ ਅਧਿਅਨ, ਪੰਨਾ 139)

**ਟਿੱਪਣੀ:** ਉਕਤ ਧਾਰਨਾ ਵਿਚ ਡਾ. ਹਰਿਭਜਨ ਸਿੰਘ ਦਰਸ਼ਨ ਤੇ ਕਾਵਿ ਦੇ ਅੰਤਰ ਨੂੰ ਅਮੂਰਤ ਕੀਮਤ-ਪ੍ਰਬੰਧ ਅਤੇ ਕੀਮਤਾਂ ਉੱਪਰ ਆਧਾਰਿਤ ਸਮੂਰਤ ਚਿਤ੍ਰ ਦੇ ਅੰਤਰ ਵਜੋਂ ਦੇਖਦੇ ਹਨ। ਬਾਣੀ-ਪ੍ਰਕਿਰਿਆ ਨੂੰ ਅਮੂਰਤ ਨਾਲ ਜੋੜਦੇ ਹੋਏ ਡਾ. ਹਰਿਭਜਨ ਸਿੰਘ ਸਮੂਰਤ ਬਿੰਬ ਸਿਰਜਣਾ ਪ੍ਰਤੀ ਗੁਰੂ ਸਾਹਿਬਾਨ ਦੀ ਅਰੁਚੀ ਦਰਸਾਉਂਦੇ ਹਨ। ਜਦ ਕਿ ਗੁਰਮਤਿ ਵਿਚ ਗੁਰੂ ਸਾਹਿਬਾਨ ਨੇ ਇਸ ਸਾਰੇ ਪਾਸਾਰੇ ਨੂੰ ਸਹਿਜ ਰੂਪ ਵਿਚ ਇਕ ਅਕਾਲ ਪੁਰਖ ਨਾਲ ਜੋੜ ਕੇ ਵੇਖਿਆ ਤੇ ਬਿਆਨਿਆ ਹੈ। ਇਸ ਸੰਬੰਧ ਵਿਚ ਉਨ੍ਹਾਂ ਦੀ ਭਾਸ਼ਕ ਯੋਗਤਾ ਨੂੰ ਬਿੰਬਾਂ, ਪ੍ਰਤੀਕਾਂ ਦੀ ਓਹਲੇ ਲਿਆ ਖਲਿਹਾਰਨਾ ਇਕ ਕੁਸ਼ਲ ਵਿਦਵਾਨ ਦਾ ਕਾਰਜ ਤਾਂ ਹੋ ਸਕਦਾ ਹੈ, ਪਰ ਇਸ ਦਿੱਬਤਾ ਦੇ ਮਹਾਂ ਪਾਸਾਰ ਨੂੰ ਭਾਸ਼ਿਕ ਨਿਯਮਾਂ ਅਧੀਨ ਸੀਮਾਬੱਧ ਕਰਨ ਦੀ ਮਨਸ਼ਾ ਵੀ ਸਿੱਧ ਹੋ ਜਾਂਦੀ ਹੈ।

ਉਪਰੋਕਤ ਵਿਸਤਰਿਤ ਹਵਾਲਿਆਂ ਤੇ ਟਿਪਣੀਆਂ ਦੇ ਅਧਿਅਨ ਕਰਕੇ ਦੇਖਿਆ ਜਾ ਸਕਦਾ ਹੈ ਕਿ ਡਾ. ਹਰਿਭਜਨ ਸਿੰਘ ਭਾਵੇਂ ਪੰਜਾਬੀ ਕਾਵਿ, ਸਾਹਿਤ ਅਤੇ ਆਲੋਚਨਾ ਦਾ ਪ੍ਰਬੁੱਧ ਚਿੰਤਕੀ ਸਾਹਿਤਕਾਰ ਹੈ। ਉਸ ਦੀ ਸਿੱਖ ਚਿੰਤਨ 'ਤੇ ਵੀ ਪਕੜ ਹੈ। ਉਹ ਭਾਵੇਂ ਸਰੰਚਨਾਵਾਦ ਦੇ ਆਧਾਰ 'ਤੇ ਗੁਰਬਾਣੀ ਦਾ ਅਧਿਅਨ ਕਰਦਾ ਹੈ ਪਰ ਉਸ ਦੀ ਗੁਰਬਾਣੀ ਸੂਹਜ ਨੂੰ ਦੇਖਣ, ਮਾਨਣ ਤੇ ਪ੍ਰਸਾਰਨ ਦੀ ਦ੍ਰਿਸ਼ਟੀ ਬਾਕੀ ਸਿੱਖ ਵਿਦਵਾਨਾਂ ਤੋਂ ਵੱਖਰੀ ਹੈ। ਉਸ ਦੀ ਸਿੱਖ ਚਿੰਤਨ ਪ੍ਰਤੀ ਦੇਣ ਨੂੰ ਕਿਸੇ ਵੀ ਪੱਧਰ ਤੋਂ ਛੁੱਟਿਆ ਕੇ ਨਹੀਂ ਦੇਖਿਆ ਜਾ ਸਕਦਾ। ਉਸ ਦੀ ਪੜਚੋਲ ਨੂੰ ਪੜ੍ਹ ਮਾਣ ਕੇ ਅਸੀਂ ਗੁਰਬਾਣੀ ਅਧਿਐਨ ਵੱਲ ਰੁਚਿਤ ਹੁੰਦੇ ਹਾਂ। ਕਹਿ ਸਕਦੇ ਹਾਂ ਕਿ ਡਾ. ਹਰਿਭਜਨ ਸਿੰਘ ਨਾਕੇਵਲ ਪੰਜਾਬੀ ਆਧੁਨਿਕ ਕਵਿਤਾ ਦਾ ਪ੍ਰਮੁੱਖ ਹਸਤਾਖ਼ਰ ਹੈ ਬਲਕਿ ਉਸ ਅੰਦਰ ਸਿੱਖੀ ਅਤੇ ਸਿੱਖ ਇਤਿਹਾਸ ਪ੍ਰਤੀ ਅੰਦਰੂਨੀ ਪੱਖ ਤੋਂ ਘੋਖ ਕਰਨ ਤੇ ਵਿਚਰਨ ਦੀ ਸਹਿਜ ਦ੍ਰਿਸ਼ਟੀ ਹੈ। ਗੁਰਬਾਣੀ ਚਿੰਤਨ ਵਿਚ ਡਾ. ਹਰਿਭਜਨ ਸਿੰਘ ਦੀ ਦੇਣ ਵੀ ਪ੍ਰਮੁੱਖ ਗਿਣੀ ਜਾ ਸਕਦੀ ਹੈ।

**ਮੋ: 94636-58706**

# ਭਗਤ ਰਵਿਦਾਸ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

**ਅਜੈਪਾਲ ਸਿੰਘ ਚਵਿੰਡਾ**

ਸੰਗੀਤ ਦੇ ਖੇਤਰ ਵਿਚ ਗੁਰਮਤਿ ਸੰਗੀਤ ਨਵੀਨ ਅਤੇ ਵਿਲੱਖਣ ਸੰਗਤਿ ਪ੍ਰਣਾਲੀ ਦੇ ਰੂਪ ਵਿਚ ਆਪਣਾ ਸਥਾਨ ਰੱਖਦੀ ਹੈ। ਭਾਰਤੀ ਸੰਗੀਤ ਤੋਂ ਇਸਦੀਆਂ ਵਿਸ਼ੇਸ਼ਤਾਵਾਂ ਕੁਝ ਵੱਖਰੀਆਂ ਹਨ, ਜਿਸ ਕਾਰਨ ਇਸਦਾ ਆਪਣਾ ਅਲੱਗ ਸਵਰੂਪ ਹੈ। ਗੁਰਮਤਿ ਸੰਗੀਤ ਦੇ ਅੰਤਰਗਤ ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਗਾਇਨ ਉਸਦੇ ਨਿਰਧਾਰਿਤ ਰਾਗਾਂ ਵਿਚ ਹੁੰਦਾ ਹੈ। ਨਿਰਧਾਰਿਤ ਰਾਗਾਂ ਵਿਚ ਬਾਣੀ ਨੂੰ ਜਦੋਂ ਗਾਇਆ ਜਾਂਦਾ ਹੈ ਤਾਂ ਇਸਨੂੰ ਗੁਰਮਤਿ ਸੰਗੀਤ ਕਹਿੰਦੇ ਹਨ।

**ਗੁਰਮਤਿ ਸੰਗੀਤ ਦੀ ਉਤਪਤੀ–** ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਵਾਹ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੁੰਦਾ ਹੈ। ਗੁਰੂ ਜੀ ਨੇ ਰਾਜਾ ਮਹਾਰਾਜਾ ਦੀ ਬਿਜਾਏ ਅਧਿਆਤਮਿਕ ਵਿਸ਼ਿਆਂ ਨਾਲ ਭਰਪੂਰ ਕਾਵਿ ਰਚਨਾਵਾਂ ਦੀ ਸਿਰਜਣਾ ਕੀਤੀ। ਗੁਰੂ ਜੀ ਦੁਆਰਾ ਰਚਿਤ ਇਸ ਬਾਣੀ ਨੂੰ ਨਿਰਧਾਰਿਤ ਰਾਗਾਂ ਵਿਚ ਗਾਉਣ ਨਾਲ ਗੁਰਮਤਿ ਸੰਗੀਤ ਦੀ ਪ੍ਰਥਾ ਆਰੰਭ ਹੋਈ। ਇਸ ਤਰਾਂ ਭਾਰਤੀ ਸੰਗੀਤਕ ਪ੍ਰਣਾਲੀ ਦਾ ਆਰੰਭ ਹੋਇਆ। ਇਸਨੂੰ ਹੋਰ ਗੁਰੂ ਸਾਹਿਬਾਨ ਨੇ ਵੀ ਕਾਇਮ ਰੱਖਿਆ ਤੇ ਵੱਧ ਤੋਂ ਵੱਧ ਵਿਕਸਿਤ ਕੀਤਾ। ਇਹ ਪ੍ਰਥਾ ਅੱਜ ਤੱਕ ਕਾਇਮ ਹੈ।

**ਭਗਤ ਰਵਿਦਾਸ ਜੀ ਦੁਆਰਾ ਬਾਣੀ ਦੀ ਰਚਨਾ–** ਗੁਰਮਤਿ ਸੰਗੀਤ ਵਿਚ ਭਗਤ ਜੀ ਦਾ ਬਹੁਤ ਯੋਗਦਾਨ ਹੈ। ਆਪਜੀ ਨੇ ਵੈਰਾਗ, ਨਿਮਰਤਾ, ਪ੍ਰੇਮਾ ਭਗਤੀ ਆਦਿ ਵਿਸ਼ਿਆਂ ’ਤੇ ਬਾਣੀ ਦੀ ਰਚਨਾ ਕੀਤੀ। ਗੁਰੁ ਅਰਜਨ ਦੇਵ ਜੀ ਨੇ ਭਗਤ ਜੀ ਦੇ 40 ਸ਼ਬਦ ਅਤੇ ਇਕ ਸਲੋਕ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਉਸਨੂੰ ਧੁਰ ਕੀ ਬਾਣੀ ਦਾ ਦਰਜਾ ਦਿੱਤਾ।

**ਭਾਈ ਮਰਦਾਨਾ ਜੀ ਦੁਆਰਾ ਭਗਤ ਜੀ ਦੀ ਬਾਣੀ ਦਾ ਗਾਇਨ ਕਰਨਾ–**ਜਦੋਂ ਗੁਰੁ ਨਾਨਕ ਦੇਵ ਜੀ ਭਗਤ ਜੀ ਨੂੰ ਮਿਲੇ ਤਾਂ ਉਹਨਾਂ ਨੇ ਭਗਤ ਜੀ ਕੋਲੋਂ ਉਹਨਾਂ ਦੀ ਲਿਖੀ ਬਾਣੀ ਪ੍ਰਾਪਤ ਕੀਤੀ ਜੋ ਕਿ ਉਹਨਾਂ ਨੇ ਸਾਂਭ ਕੇ ਰੱਖੀ ਸੀ। ਮਿਹਰਬਾਨ ਵਾਲੀ ਜਨਮ ਸਾਖੀ ਅਨੁਸਾਰ ਭਾਈ ਮਰਦਾਨਾ ਜੀ ਭਗਤ ਜੀ ਦੀ ਬਾਣੀ ਨੂੰ ਗਾਇਆ ਕਰਦੇ ਸਨ।

**ਰਾਗ ਅਧੀਨ ਬਾਣੀ ਦੀ ਰਚਨਾ–** ਗੁਰਮਤਿ ਸੰਗੀਤ ਵਿਚ ਯੋਗਦਾਨ ਪਾਉਂਦੇ ਹੋਏ ਭਗਤ ਜੀ ਨੇ ਆਪਣੀ ਬਾਣੀ ਨੂੰ ਰਾਗਾਂ ਅਧੀਨ ਰਚਿਆ। ਉਹਨਾਂ ਨੇ ਕੁਲ 16 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ–

| | | |
|---|---|---|
| 1. | ਸਿਰੀ | 1 ਸ਼ਬਦ |
| 2. | ਗਉੜੀ | 5 ਸ਼ਬਦ |
| 3. | ਆਸਾ | 6 ਸ਼ਬਦ |
| 4. | ਗੂਜਰੀ | 1 ਸ਼ਬਦ |
| 5. | ਸੋਰਠਿ | 7 ਸ਼ਬਦ |
| 6. | ਧਨਾਸਰੀ | 3 ਸ਼ਬਦ |
| 7. | ਜੈਤਸਰੀ | 1 ਸ਼ਬਦ |
| 8. | ਬਿਲਾਵਲ | 2 ਸ਼ਬਦ |
| 9. | ਸੂਹੀ | 3 ਸ਼ਬਦ |

| | | |
|---|---|---|
| 10. | ਗੌਂਡ | 2 ਸ਼ਬਦ |
| 11. | ਰਾਮਕਲੀ | 1 ਸ਼ਬਦ |
| 12. | ਮਾਰੂ | 2 ਸ਼ਬਦ |
| 13. | ਕੇਦਾਰਾ | 1 ਸ਼ਬਦ |
| 14. | ਭੈਰਉ | 1 ਸ਼ਬਦ |
| 15. | ਬਸੰਤ | 1 ਸ਼ਬਦ |
| 16. | ਮਲਾਰ | 3 ਸ਼ਬਦ |

**ਆਰਤੀ ਬਾਣੀ ਦੀ ਰਚਨਾ–** ਗੁਰਮਤਿ ਸੰਗੀਤਵਿਚ ਯੋਗਦਾਨ ਪਾਉਂਦੇ ਹੋਏ ਭਗਤ ਜੀ ਨੇ ਆਰਤੀ ਬਾਣੀ ਦੀ ਰਚਨਾ ਕੀਤੀ ਜਿਸ ਬਾਣੀ ਦਾ ਗੁਰੂ ਘਰਾਂ ਵਿਚ ਰੋਜ਼ਾਨਾ ਗਾਇਨ ਕੀਤਾ ਜਾਂਦਾ ਹੈ। ਜੋ ਕਿ ਹੇਠ ਲਿਖੇ ਅਨੁਸਾਰ ਹੈ–

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਕਿ ਨਾਮ ਬਨਿ ਝੂਠੇ ਸਗਲ ਪਾਸਾਰੇ॥੧॥ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਟਿਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸ ਜਿਪੇ ਨਾਮੁ ਲੇ ਤੁਝਹ ਕਿਉ ਚਾਰੇ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹ ਪਿਸਾਰੇ॥
ਨਾਮ ਤੇਰੇ ਕੀ ਜੋਤ ਲਿਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਇਣ ਹੈ ਸਗਲ ਸੰਸਾਰੇ॥
ਕਹੈ ਰਵਦਿਾਸੁ ਨਾਮੁ ਤੇਰੋ ਆਰਤੀ ਸਤਨਿਾਮੁ ਹੈ ਹਰਿ ਭੋਗ ਤੁਹਾਰੇ॥੪॥੩॥

**ਸਿੱਖ ਪਰੰਪਰਾਵਾਂ ਅਨੁਸਾਰ ਬਾਣੀ ਦੀ ਰਚਨਾ–** ਭਗਤ ਜੀ ਨੇ ਆਪਣੀ ਬਾਣੀ ਵਿਚ ਰਹਾਉ, ਅੰਕ, ਘਰ, ਰਾਗ ਆਦਿ ਦੁਆਰਾ ਸਿੱਖ ਪਰੰਪਰਾਵਾਂ ਨੂੰ ਕਾਇਮ ਰੱਖਿਆ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ।

ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਭਗਤ ਰਵਿਦਾਸ ਜੀ ਸੰਗੀਤ ਪ੍ਰਤੀ ਸੂਖਮ ਸੂਝ–ਬੂਝ ਰੱਖਣਵਾਲੇ ਸਨ। ਉਨ੍ਹਾਂ ਨੇ ਵੱਖ–ਵੱਖ ਰਾਗਾਂ ਵਿਚ ਬਾਣੀਦਾ ਉਚਾਰਣ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ, ਨਾਲ ਹੀ ਗੁਰਮਤਿ ਸੰਗੀਤ ਨੂੰ ਵਿਕਸਿਤ ਕਰਨ ਵਿਚ ਭਗਤ ਰਵਿਦਾਸ ਜੀ ਦਾ ਵੱਡਾ ਯੋਗਦਾਨ ਹੈ।

ਸਹਾਇਕ ਪ੍ਰੋ. ਸੰਗੀਤ ਬਾਬਾ ਅਜੈ ਸਿੰਘ ਖਾਲਸਾ ਕਾਲਜ
ਗੁਰਦਾਸ ਨੰਗਲ, ਗੁਰਦਾਸਪੁਰ
ਫੋਨ–9464265464

# ਵਿਰਾਸਤੀ ਪੰਜਾਬੀ ਸੰਗੀਤ ਨੂੰ ਪਰਣਾਇਆ ਗਾਇਕ ਦੇਵ ਦਿਲਦਾਰ

**ਗੁਰਦੀਪ ਕੌਰ**

ਪੰਜਾਬ ਦੀ ਸੰਗੀਤ ਪਰੰਪਰਾ ਨੂੰ ਪ੍ਰਫੁਲਿਤ ਕਰਨ ਲਈ ਮਹਾਂ ਪੰਜਾਬ ਦੇ ਕਲਾਕਾਰਾਂ, ਸੰਗੀਤਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੇ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਵਿੱਚੋਂ ਇੱਕ ਨਾਮ ਗਾਇਕ ਦੇਵ ਦਿਲਦਾਰ ਉਭਰ ਕੇ ਸਾਹਮਣੇ ਆਉਂਦਾ ਹੈ। ਇਹ ਪੰਜਾਬੀਅਤ ਨੂੰ ਪੂਰੀ ਤਰ੍ਹਾਂ ਅਪਨਾ ਕੇ ਆਪਣਾ ਜੀਵਨ ਸਮਰਪਿਤ ਕਰਦਿਆਂ ਦੇਸ਼ ਵਿਦੇਸ਼ਾਂ ਵਿੱਚ ਪੰਜਾਬੀ ਸੰਗੀਤ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ। ਡਾ. ਸੁਰਜੀਤ ਪਾਤਰ ਦੇ ਸ਼ਬਦਾਂ ਵਿੱਚ "ਜਦੋਂ ਦੇਵ ਜੰਮੂ ਤੋਂ ਪੰਜਾਬ ਆਇਆ ਉਹ ਛੇਤੀ ਹੀ ਮੈਨੂੰ ਮਿਲ ਗਿਆ ਸੀ। ਦੇਵ ਦੀ ਰੂਹ ਦਰਵੇਸ਼ਾ ਵਾਲੀ ਰੂਹ ਹੈ। ਇਸ ਦਾ ਸ਼ੁਰੂ ਤੋਂ ਹੀ ਵਪਾਰਕ ਰਸਤੇ 'ਤੇ ਤੁਰਨ ਦਾ ਕੋਈ ਵੀ ਵਿਚਾਰ ਨਹੀਂ ਸੀ। ਉਹ ਸ਼ੁਰੂ ਤੋਂ ਹੀ ਕਹਿੰਦਾ ਆਇਆ ਹੈ ਕਿ ਮੈਂ ਚੰਗਾ ਸਾਹਿਤ ਪੜ੍ਹਾਂ ਤੇ ਚੰਗੀ ਗਾਇਕੀ ਗਾਵਾਂ। ਉਸ ਨੇ ਵਪਾਰਕ ਰਾਹ ਤੋਂ ਪਰ੍ਹੇ ਹੱਟ ਕੇ ਸਵਰ ਅਤੇ ਅਦਬ ਦੀ ਇੱਕ ਅਮੀਰੀ ਕਾਇਮ ਰੱਖੀ।" ਦੇਵ ਦਿਲਦਾਰ ਨੇ ਸਾਫ਼ ਸੁਥਰੀ ਅਤੇ ਸਾਹਿਤਕ ਗਾਇਕੀ ਕਰਕੇ ਹੀ ਪੰਜਾਬੀ ਸੰਗੀਤ ਦੇ ਸ੍ਰੋਤਿਆਂ ਦੇ ਦਿਲਾਂ ਵਿੱਚ ਇੱਕ ਅਲੱਗ ਥਾਂ ਬਣਾਈ ਹੈ।

**ਮੁੱਢਲਾ ਜੀਵਨ ਤੇ ਸੰਗੀਤਕ ਤਾਲੀਮ**

ਗਾਇਕ ਦੇਵ ਦਿਲਦਾਰ ਦਾ ਜਨਮ 10 ਦਸੰਬਰ 1960 ਈ. ਨੂੰ ਪਿੰਡ ਪੌਣੀਚੱਕ, ਜੰਮੂ ਵਿਖੇ ਇੱਕ ਬ੍ਰਾਹਮਣ ਪਰਿਵਾਰ ਵਿੱਚ ਪਿਤਾ ਸਾਂਈ ਦਾਸ ਦੇ ਘਰ ਮਾਤਾ ਸ਼ੀਲਾ ਦੇਵੀ ਦੀ ਕੁੱਖੋਂ ਹੋਇਆ। ਆਪ ਦੇ ਦਾਦਾ ਪੰਡਿਤ ਬਾਲੀ ਰਾਮ ਜੰਮੂ ਵਿਖੇ ਭਜਨ ਕੀਰਤਨ ਕਰਦੇ ਸਨ। ਦੂਸਰੇ ਪਾਸੇ ਨਾਨਾ ਪੰਡਿਤ ਮਸਤ ਰਾਮ ਜੰਮੂ ਕਸ਼ਮੀਰ ਦੇ ਪ੍ਰਸਿੱਧ ਕਲਾਕਾਰਾਂ ਵਿੱਚੋਂ ਇੱਕ ਸਨ, ਜੋ ਆਲ ਇੰਡੀਆ ਰੇਡੀਓ ਜੰਮੂ ਕਸ਼ਮੀਰ ਵਿਖੇ ਸਟਾਫ਼ ਮੈਂਬਰ ਤੇ ਤਾਨਪੁਰਾ ਵਾਦਕ ਸਨ। ਪੰਡਿਤ ਭੂਆ ਦੱਤਾ(ਮਾਮਾ) ਸਾਰੰਗੀ ਵਾਦਕ ਵਜੋਂ ਕਾਰਜਸ਼ੀਲ ਸਨ।

ਦੇਵ ਦਿਲਦਾਰ ਨੇ ਮੈਟ੍ਰਿਕ ਜੰਮੂ ਸ਼ਹਿਰ ਦੇ ਸੀਨੀਅਰ ਮਾਡਲ ਹਾਈ ਸਕੂਲ ਵਿੱਚ ਪਾਸ ਕੀਤੀ। ਸੱਤ ਸਾਲ ਦੀ ਉਮਰ ਵਿੱਚ ਆਪ ਦੇ ਮਾਤਾ ਨੇ ਕੰਠ ਸੰਗੀਤ ਵਿੱਚ ਰੁਚੀ ਨੂੰ ਦੇਖਦੇ ਹੋਏ ਆਪ ਨੂੰ ਹਾਰਮੋਨੀਅਮ ਦੇ ਕੇ ਆਪ ਵਿੱਚ ਸੰਗੀਤ ਦੇ ਸੰਸਕਾਰਾਂ ਨੂੰ ਉਜਾਗਰ ਕੀਤਾ। ਦੇਵ ਦਿਲਦਾਰ ਦੇ ਸ਼ਬਦਾ ਵਿੱਚ "ਪਿਤਾ ਜੀ ਦੀ ਬਿਨਾਂ ਇਜ਼ਾਜ਼ਤ, ਮਾਤਾ ਜੀ ਦੀ ਇੱਛਾ ਤੇ ਕੁੱਝ ਕਰ ਗੁਜ਼ਰਣ ਦੀ ਪ੍ਰੇਰਣਾ ਨੇ ਸੰਗੀਤ ਪ੍ਰਤੀ ਸਨਮੁੱਖ ਕੀਤਾ।" ਛੋਟੀ ਉਮਰ ਵਿੱਚ ਹੀ ਦੇਵ ਦਿਲਦਾਰ ਨੂੰ ਨਾਨਾ ਜੀ ਕੋਲੋਂ ਸੰਗੀਤ ਵਿੱਚ ਕੰਠ ਸਾਧਨਾਂ, ਰਾਗਾਂ ਬਾਰੇ ਜਾਣਕਾਰੀ, ਤਾਲਾਂ ਦੀ ਸੂਝ ਤੇ ਖ਼ਿਆਲ਼ ਬੰਦਿਸ਼ਾਂ ਅਤੇ ਮਾਮਾ ਭੂਆ ਦੱਤਾ ਤੋਂ ਸਾਰੰਗੀ ਤੇ ਤਬਲੇ ਸਿੱਖਣ ਦਾ ਸੁਨਹਿਰਾ ਅਵਸਰ ਪ੍ਰਾਪਤ ਹੋਇਆ। 1977 ਈ: ਵਿੱਚ ਆਪ ਦੀ ਮੁਲਾਕਾਤ ਜੰਮੂ ਵਿਖੇ ਪੰਡਿਤ ਏਕਨਾਥ ਰਾਮ ਚੰਦਰ ਦਿਸੱਕਰ ਨਾਲ ਹੋਈ। ਪੰਡਿਤ ਆਰ. ਸੀ. ਦਿਸੱਕਰ ਵਾਇਲਨ ਵਾਦਕ ਤੇ ਸ਼ਾਸਤਰੀ ਗਾਇਕ ਸਨ। ਪੰਡਿਤ ਦਿਸੱਕਰ ਗਵਾਲੀਅਰ ਘਰਾਣੇ ਦੇ ਮਹਾਨ ਕਲਾਕਾਰ 'ਰਾਜ ਭਈਆ ਪੂਛਵਾਲੇ' ਦੇ ਸ਼ਗਿਰਦ 'ਪੰਡਿਤ ਏਕਨਾਥ' ਦੇ ਵੱਡੇ ਪੁੱਤਰ ਸਨ ਅਤੇ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗੁਏਜਿਜ਼, ਜੰਮੂ ਵਿਖੇ ਸੰਗੀਤ ਦੇ ਅਧਿਆਪਕ ਵਜੋਂ ਨਿਯੁਕਤ ਸਨ। ਦੇਵ ਦਿਲਦਾਰ ਨੇ ਪੰਡਿਤ ਦਿਸੱਕਰ ਜੀ ਤੋਂ ਬਹੁਤ ਸਾਰੇ ਰਾਗਾਂ ਵਿੱਚ ਗਵਾਲੀਅਰ ਘਰਾਣੇ ਦੀਆਂ ਬੰਦਿਸ਼ਾ, ਧਰੁਪਦ, ਧਮਾਰ ਤੇ ਭਜਨ ਸਿੱਖੇ। 1982 ਈ: ਵਿੱਚ ਪੰਡਿਤ ਦਿਸੱਕਰ ਦੇ ਕਹਿਣ 'ਤੇ ਆਪ ਦਿੱਲੀ ਵਿਖੇ ਉਸਤਾਦ ਹਾਫ਼ਿਜ਼ ਅਹਿਮਦ ਖ਼ਾਨ ਸਾਹਿਬ ਅਤੇ ਗੰਧਰਵ ਮਹਾਵਿਦਿਆਲਿਆ ਮੰਡਲ ਦੀ ਦਿੱਲੀ ਸ਼ਾਖਾ ਦੇ ਸੰਸਥਾਪਕ ਅਤੇ ਪ੍ਰਸਿੱਧ ਸ਼ਾਸਤਰੀ ਸੰਗੀਤਕਾਰ ਪੰਡਿਤ ਵਿਨੈ ਚੰਦਰ

ਮੁਦਗਲ (ਭਾਈ ਜੀ) ਨੂੰ ਮਿਲੇ ਅਤੇ ਇਨ੍ਹਾਂ ਤੋਂ ਵੀ ਕੁਝ ਸਮੇਂ ਲਈ ਰਾਗ ਵਿੱਦਿਆ ਦਾ ਗਿਆਨ ਲਿਆ।

**ਦੇਵ ਦਿਲਦਾਰ ਦੀ ਗਾਇਕੀ ਦੀਆਂ ਵਿਸ਼ੇਸ਼ਤਾਵਾਂ**

ਹਰੇਕ ਕਲਾਕਾਰ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਅਤੇ ਪ੍ਰਸਤੁਤੀਕਰਨ ਦਾ ਆਪਣਾ ਤਰੀਕਾ ਹੁੰਦਾ ਹੈ। ਉਸ ਕਲਾਕਾਰ ਵਿੱਚ ਇਹ ਵਿਸ਼ੇਸ਼ਤਾਵਾਂ ਕੁਝ ਤਾਂ ਕੁਦਰਤੀ ਤੌਰ ਤੇ ਵਿਦਮਾਨ ਹੁੰਦੀਆਂ ਹਨ, ਕੁਝ ਉਹ ਆਪਣੇ ਗੁਰੂਆਂ, ਗੁਣੀਜਨਾਂ ਤੋਂ ਗ੍ਰਹਿਣ ਕਰਦਾ ਹੈ ਅਤੇ ਕੁਝ ਆਪਣੀ ਸਾਧਨਾ ਅਤੇ ਚਿੰਤਨ ਰਾਹੀਂ ਵਿਕਸਿਤ ਕਰਦਾ ਹੈ। ਦੇਵ ਦਿਲਦਾਰ ਦੀ ਗਾਇਨ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖਿਤ ਹਨ:

ਦੇਵ ਦਿਲਦਾਰ ਨੇ ਮਿਹਨਤ ਅਤੇ ਲਗਨ ਸਦਕਾ ਆਪਣੀ ਆਵਾਜ਼ ਨੂੰ ਬੇਹੱਦ ਸੁਰੀਲੀ ਅਤੇ ਬੁਲੰਦ ਬਣਾਇਆ ਹੈ, ਭਾਵੇਂ ਉਹਨਾਂ ਨੂੰ ਇਹ ਰੱਬੀ ਦਾਤ ਦੇ ਰੂਪ ਵਿੱਚ ਵੀ ਮਿਲੀ ਹੈ। ਦੇਵ ਦਿਲਦਾਰ ਆਪਣੀ ਮਿੱਠੀ ਸੁਰੀਲੀ ਆਵਾਜ਼ ਅਤੇ ਪਹਾੜੀ ਲਹਿਜ਼ੇ ਰਾਹੀਂ ਪੰਜਾਬੀ ਸੰਗੀਤ ਦੇ ਖੇਤਰ ਵਿੱਚ ਵੱਖਰੀ ਪਹਿਚਾਣ ਰੱਖਦੇ ਹਨ। ਆਪ ਦੀ ਬਚਪਨ ਤੋਂ ਹੀ ਤਬਲਾ ਵਾਦਨ ਵਿੱਚ ਬਹੁਤ ਰੁਚੀ ਸੀ, ਜਿਸ ਕਾਰਨ ਤਾਲ ਪੱਖ ਸ਼ੁਰੂ ਤੋਂ ਹੀ ਬੜਾ ਪੱਕਾ ਰਿਹਾ ਹੈ। ਖੋਜਾਰਥਣ ਨਾਲ ਵਾਰਤਾਲਾਪ ਕਰਦੇ ਸਮੇਂ ਆਪ ਨੇ ਦੱਸਿਆ ਕਿ "ਜੇ ਮੈਂ ਇੱਕ ਗਾਇਕ ਨਾ ਹੁੰਦਾ ਤਾਂ ਤਬਲਾ ਵਾਦਕ ਜ਼ਰੂਰ ਹੋਣਾ ਸੀ।" ਆਪ ਗਾਇਕ ਦੇ ਨਾਲ-ਨਾਲ ਬਹੁਤ ਕੁਸ਼ਲ ਤਬਲਾ ਵਾਦਕ ਵੀ ਹੋ। ਆਪ ਦੁਆਰਾ ਗਾਈਆਂ ਅਤੇ ਤਿਆਰ ਕੀਤੀਆਂ ਹੋਈਆਂ ਰਚਨਾਵਾਂ ਦੀਆਂ ਧੁਨਾਂ ਜ਼ਿਆਦਾਤਰ ਦੀਪਚੰਦੀ, ਖੇਮਟਾ, ਰੂਪਕ, ਦਾਦਰਾ ਅਤੇ ਕਹਿਰਵਾ ਆਦਿ ਤਾਲਾਂ ਵਿੱਚ ਮਿਲਦੀਆਂ ਹਨ। ਵੱਖ ਵੱਖ ਤਾਲਾਂ ਵਿੱਚ ਰਚਨਾਵਾਂ ਜਿਵੇਂ ਤਾਲ ਦੀਪਚੰਦੀ ਵਿੱਚ"ਖ਼ੂਬ ਨੇ ਇਹ ਝਾਂਜਰਾ ਛਣਕਣ ਲਈ" ਅਤੇ ਤਾਲ ਖੇਮਟਾ ਵਿੱਚ "ਮੁਹੱਬਤ ਦਾ ਸਾਨੂੰ ਸਿਲਾ ਮਿਲ ਗਿਆ ਹੈ" ਆਦਿ ਹਨ।

ਪੰਜਾਬੀ ਗ਼ਜ਼ਲ ਨੂੰ ਦੇਵ ਦਿਲਦਾਰ ਨੇ ਬੜੇ ਸੁਚੱਜੇ ਤੇ ਨਿਵੇਕਲੇ ਢੰਗ ਨਾਲ ਗਾਇਆ ਹੈ। ਨਵੇਂ ਦੌਰ ਦੀਆਂ ਨਵੀਆਂ ਗ਼ਜ਼ਲਾਂ ਜਿਵੇਂ ਡਾ. ਸੁਰਜੀਤ ਪਾਤਰ ਦੀ ਲਿਖੀ ਰਚਨਾ "ਤੂੰ ਖੁਸ਼ ਰਿਹਾ ਕਰ ਇਵੇਂ ਬਹੁਤਾ ਸੋਚਿਆ ਨਾ ਕਰ", ਇੰਦਰਜੀਤ ਹਸਨਪੁਰੀ ਦੀ ਲਿਖੀ ਰਚਨਾ "ਮੁਹੱਬਤ ਦਾ ਸਾਨੂੰ ਸਿਲਾ ਮਿਲ ਗਿਆ ਹੈ, ਤੁਸੀਂ ਕੀ ਮਿਲੇ ਹੋ ਖ਼ੁਦਾ ਮਿਲ ਗਿਆ ਹੈ" ਅਤੇ ਸੁਰਿੰਦਰ ਸੀਰਾ ਦੀ ਰਚਨਾ "ਜ਼ਿੰਦਗੀ ਤਾਂ ਦੋ ਕੁ ਕਦਮਾਂ ਦੀ ਤਰ੍ਹਾਂ ਪਰ ਜੀਅ ਨਾ ਹੋਵੇ ਰਸ਼ਮਾਂ ਦੀ ਤਰ੍ਹਾਂ" ਆਦਿ ਹਨ। ਪੰਜਾਬੀ ਸਾਹਿਤਕ ਗੀਤਾਂ ਨੂੰ ਦੇਵ ਦਿਲਦਾਰ ਵਲੋਂ ਵਿਸ਼ੇਸ਼ ਰੂਪ ਵਿੱਚ ਗਾਇਨ ਕੀਤਾ ਗਿਆ ਹੈ। ਆਧੁਨਿਕ ਕਾਵਿ ਵਿੱਚੋਂ ਦੇਵ ਦਿਲਦਾਰ ਨੇ ਫ਼ੈਜ਼ ਅਹਿਮਦ ਫ਼ੈਜ਼, ਸ਼ਿਵ ਕੁਮਾਰ ਬਟਾਲਵੀ ਅਤੇ ਡਾ. ਸੁਰਜੀਤ ਪਾਤਰ, ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ, ਸਰਵਣ ਸਿੰਘ ਪਰਵਾਨਾ, ਡਾ. ਜਗਤਾਰ, ਪਾਸ਼, ਡਾ. ਹਰਭਜਨ ਸਿੰਘ, ਮਾਨ ਸਿੰਘ ਮਾਨ, ਡਾ. ਗੁਰਭਜਨ ਗਿੱਲ, ਸੁਖਵਿੰਦਰ ਅੰਮ੍ਰਿਤ, ਸੁਰਿੰਦਰ ਗੀਤ, ਇੰਦਰਜੀਤ ਹਸਨਪੁਰੀ ਆਦਿ ਹੋਰ ਸ਼ਾਇਰਾਂ ਨੂੰ ਵੀ ਗਾਇਆ ਹੈ। ਇਹਨਾਂ ਦੀ ਗਾਇਕੀ ਬਾਰੇ ਪ੍ਰਸਿੱਧ ਪੰਜਾਬੀ ਕਵੀ ਡਾ. ਲਖਵਿੰਦਰ ਸਿੰਘ ਜੌਹਲ ਕਹਿੰਦੇ ਹਨ- "ਦੇਵ ਦਿਲਦਾਰ ਸਾਹਿਤਕ ਗਾਇਕੀ ਦਾ ਕਲਾਕਾਰ ਹੈ। ਇਹ ਬੁੱਧੀਜੀਵੀ ਲੋਕਾਂ ਦਾ ਪਸੰਦੀਦਾ ਗਾਇਕ ਹੈ। ਇਸਨੇ ਆਧੁਨਿਕ ਪੰਜਾਬੀ ਸਾਹਿਤ ਦੇ ਅਨੇਕ ਕਵੀਆਂ ਨੂੰ ਗਾਇਆ ਹੈ। ਇਸਦੇ ਗੀਤਾਂ ਦੀ ਚੋਣ ਚੰਗੀ ਹੁੰਦੀ ਹੈ।" ਆਧੁਨਿਕ ਪੰਜਾਬੀ ਕਾਵਿ ਦੇ ਖ਼ਜ਼ਾਨੇ ਵਿਚੋਂ ਦੇਵ ਦਿਲਦਾਰ ਨੇ ਬਹੁਤ ਸਾਰੇ ਪੰਜਾਬੀ ਸਾਹਿਤਕ ਗੀਤਾਂ ਨੂੰ ਸੁਰਬੱਧ ਕਰਕੇ ਗਾਇਆ ਹੈ। ਜਿਵੇਂ "ਲੋਕੀਂ ਪੂਜਣ ਰੱਬ ਮੈਂ ਤੇਰਾ ਬਿਹਰੜਾ" (ਸ਼ਿਵ ਕੁਮਾਰ ਬਟਾਲਵੀ), "ਅੱਜ ਮੇਰੇ ਕੋਲੋਂ ਕੱਚ ਦਾ ਗਿਲਾਸ ਟੁੱਟਿਆ" (ਡਾ. ਸੁਰਜੀਤ ਪਾਤਰ), "ਸਾਂਭ ਸ਼ਹਿਰ ਆਪਣੇ ਦੀ ਪਾਣੀ ਤੇ ਹਵਾ" (ਸਤਿਨਾਮ ਕੋਮਲ), "ਕੋਈ ਬੋਲ ਵੇ ਮੂੰਹੋਂ ਬੋਲ ਸੱਜਣਾ ਸਾਂਵਲਿਆ, ਸਾਡੇ ਸਾਹ ਵਿੱਚ ਚੇਤਰ ਘੋਲ ਸੱਜਣਾ ਸਾਂਵਲਿਆ" (ਸ਼ਿਵ ਕੁਮਾਰ ਬਟਾਲਵੀ), "ਅੱਜ ਰਾਵੀ ਤੇ ਝਨਾਂ ਦੀਆਂ ਛੱਲਾਂ ਏਦਾਂ ਕਰਦੀਆਂ ਬਿਆਸਾ ਨਾਲ

ਗੱਲਾਂ'' (ਡਾ. ਸੁਰਜੀਤ ਪਾਤਰ), ਖੌਲਿਆ ਨਾ ਕਰ ਸਮੁੰਦਰ ਦੀ ਤਰ੍ਹਾਂ ਸ਼ਾਂਤ ਹੋ ਜਾ ਤੂੰ ਵੀ ਪੱਥਰ ਦੀ ਤਰ੍ਹਾਂ'' (ਸੁਰਿੰਦਰ ਸੀਰਾ) ਆਦਿ ਹਨ।

ਦੇਵ ਦਿਲਦਾਰ ਦੀ ਆਵਾਜ਼ ਵਿੱਚ ਸੂਫ਼ੀਆਨਾ ਅੰਦਾਜ਼ ਝਲਕਦਾ ਹੈ। ਗਾਇਕ ਹੰਸ ਰਾਜ ਹੰਸ ਸੂਫ਼ੀ ਗਾਇਕੀ ਬਾਰੇ ਗੱਲ ਕਰਦੇ ਹੋਏ ਕਹਿੰਦੇ ਹਨ ਕਿ ''ਅੱਜ ਕੱਲ੍ਹ ਕਲਾਕਾਰ ਕਹਿੰਦੇ ਹਨ ਕਿ ਮੈਂ ਸੂਫ਼ੀ ਕਲਾਕਾਰ ਹਾਂ, ਮੇਰਾ ਤੇ ਪਹਿਰਾਵਾ ਵੀ ਸੂਫ਼ੀ ਹੈ, ਮੇਰਾ ਖ਼ਾਨਪਾਨ ਵੀ ਸੂਫ਼ੀ ਹੈ। ਸੂਫ਼ੀ ਕਲਾਕਾਰ ਹੋਣਾ ਖ਼ੁਸ਼ਨਸੀਬੀ ਵਾਲੀ ਗੱਲ ਹੈ, ਪਰ ਇੱਕ ਵਾਰ ਉਹਨਾਂ ਨੂੰ ਜ਼ਰੂਰ ਪੁੱਛ ਲੈਣਾ ਚਾਹੀਦਾ ਹੈ ਕਿ ਸੂਫ਼ੀ ਕੋਣ ਹੁੰਦਾ ਹੈ? ਸੂਫ਼ੀਇਜ਼ਮ ਕੀ ਹੈ? ਸੂਫ਼ੀ ਕਲਾਕਾਰ ਕਿਵੇਂ ਬਣਦੇ ਹਨ? ਜੋ ਅੱਜ ਅਸਲ ਵਿੱਚ ਸੂਫ਼ੀ ਕਲਾਕਾਰ ਹੈ ਮੇਰੇ ਹਮਅਸਰ, ਮੇਰੇ ਭਾਈ ਦੇਵ ਦਿਲਦਾਰ ਸਾਹਿਬ ਹਨ। ਇਹਨਾਂ ਨੂੰ ਕਦੇ ਪੁੱਛਣਾ ਕਿ ਸੂਫ਼ੀ ਕੌਣ ਹੁੰਦੇ ਹਨ।"

ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਅਤੇ ਭਾਰਤ ਸਰਕਾਰ ਦੀ ਸਾਂਝੀ ਇੱਛਾ ਨਾਲ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣਾ ਪੰਜਾਬ ਦੇ ਨਾਲ-ਨਾਲ ਪੂਰੀ ਦੁਨੀਆਂ ਵਿੱਚ ਵੱਸਦੇ ਤਮਾਮ ਪੰਜਾਬੀਆਂ ਲਈ ਵੱਡੀ ਖੁਸ਼ੀ ਸੀ। ਚੜ੍ਹਦੇ ਪੰਜਾਬ ਦੇ ਸਿਰਮੌਰ ਸ਼ਾਇਰ ਡਾ. ਸੁਰਜੀਤ ਪਾਤਰ ਹੁਰਾਂ ਨੇ 'ਲਾਂਘਾ' ਨਾਮਕ ਗੀਤ ਜਿਸ ਦੇ ਬੋਲ ਹਨ **''ਇਹ ਲਾਂਘਾ ਮੇਰੀ ਅੱਖੀਆਂ ਦੀ ਲੋਅ ਇਹ ਲਾਂਘਾ ਤੇਰੇ ਮਿਲਣ ਦੀ ਸੋਅ''** ਦੀ ਰਚਨਾ ਕੀਤੀ। ਇਸ ਗੀਤ ਨੂੰ ਦੇਵ ਦਿਲਦਾਰ ਅਤੇ ਹੋਰ ਕਲਾਕਾਰਾਂ ਨੇ ਆਵਾਜ਼ ਦਿੱਤੀ, ਜਿਸਨੂੰ ਸਮੂਹ ਪੰਜਾਬੀ ਭਾਈਚਾਰੇ ਵਲੋਂ ਭਰਪੂਰ ਦਾਦ ਮਿਲੀ। 'ਲਾਂਘਾ' ਗੀਤ ਜਿਸ ਦੇ ਸੰਗੀਤ ਨਿਰਦੇਸ਼ਕ ਪ੍ਰਿੰਸੀਪਲ ਸੁਖਵੰਤ ਸਿੰਘ ਹਨ, ਨੇ ਖੋਜਾਰਥਣ ਨਾਲ ਵਾਰਤਾਲਾਪ ਕਰਦੇ ਸਮੇਂ ਕਿਹਾ "ਦੇਵ ਦਿਲਦਾਰ ਦੀ ਆਵਾਜ਼ ਸੂਫ਼ੀਆਨਾ ਕਿਸਮ ਦੀ ਆਵਾਜ਼ ਹੈ। ਉਹ ਇਸ ਤਰ੍ਹਾਂ ਗਾਉਂਦੇ ਹਨ ਜਿਵੇਂ ਕੋਈ ਸੂਫ਼ੀ ਸੰਤ ਫ਼ਕੀਰ ਖੜ੍ਹਾ ਗਾ ਰਿਹਾ ਹੋਵੇ। ਇਹ ਆਵਾਜ਼ ਹੁਣ ਦੇ ਪੰਜਾਬ ਜਾਂ ਭਾਰਤ ਦੀ ਨਹੀਂ ਲੱਗਦੀ ਪੁਰਾਣੇ ਪੰਜਾਬ (ਪਾਕਿਸਤਾਨ) ਦੇ ਕਿਸੇ ਸੂਫ਼ੀ ਕਲਾਕਾਰ ਦੀ ਆਵਾਜ਼ ਲਗਦੀ ਹੈ।"

ਪੰਜਾਬ ਦੇ ਸਾਹਿਤ ਅਤੇ ਸੰਗੀਤ ਪਰੰਪਰਾ ਵਿੱਚ ਸੂਫ਼ੀ ਕਾਵਿ ਦਾ ਅਹਿਮ ਸਥਾਨ ਹੈ। ਦੇਵ ਦਿਲਦਾਰ ਨੇ ਬਾਬਾ ਫ਼ਰੀਦ, ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਖ਼ਵਾਜਾ ਗੁਲਾਮ ਫ਼ਰੀਦ, ਹਾਸ਼ਿਮ ਸ਼ਾਹ, ਸੁਲਤਾਨ ਬਾਹੂ, ਮੀਆਂ ਮੁਹੰਮਦ ਬਖ਼ਸ਼ ਆਦਿ ਦੇ ਕਾਵਿ ਨੂੰ ਆਪਣੇ ਵੱਖਰੇ ਅੰਦਾਜ਼ ਵਿੱਚ ਗਾਇਆ ਹੈ। ਆਪ ਦੁਆਰਾ ਗਾਏ ਗਏ ਪ੍ਰਮੁੱਖ ਸੂਫ਼ੀ ਕਲਾਮ ਜਿਵੇਂ; ''ਬੁੱਲ੍ਹੇ ਨੂੰ ਸਮਝਾਵਣ ਆਈਆਂ ਭੈਣਾਂ ਤੇ ਭਰਜਾਈਆਂ'' (ਬਾਬਾ ਬੁੱਲ੍ਹਾ ਸ਼ਾਹ), ''ਨੀ ਮੈਂ ਕਮਲੀ ਯਾਰ ਦੀ ਕਮਲੀ'' (ਬਾਬਾ ਬੁੱਲ੍ਹੇ ਸ਼ਾਹ), ''ਅੱਲਫ਼ ਅੱਲ੍ਹਾ ਚੰਬੇ ਦੀ ਬੂਟੀ, ਮੇਰੇ ਮੁਰਸ਼ਦ ਮਨ ਵਿੱਚ ਲਾਈ ਹੂ'' (ਸੁਲਤਾਨ ਬਾਹੂ) ਆਦਿ ਹਨ। ਦੇਵ ਦਿਲਦਾਰ ਨੇ ਗੁਰਬਾਣੀ ਦੇ ਬਹੁਤ ਸਾਰੇ ਗੁਰਬਾਣੀ ਦੇ ਸ਼ਬਦਾਂ ਵੀ ਸੁਰਬੱਧ ਕਰਕੇ ਗਾਏ ਹਨ। ਆਪ ਨੇ ਦੱਸਿਆ ਕਿ ''ਗੁਰਬਾਣੀ ਕੀਰਤਨ ਕਰਨ ਵਾਲੇ ਰਾਗੀਆਂ ਵਿੱਚੋਂ ਮੇਰੇ ਪਸੰਦੀਦਾ ਕੀਰਤਨੀਏ ਸਿੰਘ ਬੰਧੂ ਅਤੇ ਭਾਈ ਨਿਰਮਲ ਸਿੰਘ ਖ਼ਾਲਸਾ ਜੀ ਹਨ।"

ਦੇਵ ਦਿਲਦਾਰ ਨੇ ਸ਼ਬਦਾਂ ਦੇ ਸ਼ੁੱਧ ਉਚਾਰਨ ਨੂੰ ਖ਼ਾਸ ਤਰਜੀਹ ਦਿੱਤੀ ਹੈ ਜਿਸ ਨੇ ਉਹਨਾਂ ਦੀ ਗਾਇਕੀ ਨੂੰ ਚਾਰ ਚੰਨ ਲਗਾ ਦਿੱਤੇ ਹਨ। ਇਸ ਬਾਰੇ ਗਾਇਕ ਉਪਕਾਰ ਸਿੰਘ ਕਹਿੰਦੇ ਹਨ, "ਅਜੋਕੇ ਸਮੇਂ ਦੇ ਬਹੁਤ ਸਾਰੇ ਗਾਇਕ ਸ਼ਬਦਾਂ ਦਾ ਅਸ਼ੁੱਧ ਉਚਾਰਣ ਕਰਦੇ ਹਨ। ਉਹ ਪੰਜਾਬ ਦੇ ਵਸਨੀਕ ਹੋਣ ਕਾਰਨ ਵੀ ਪੰਜਾਬੀ ਬੋਲੀ ਦਾ ਗ਼ਲਤ ਉਚਾਰਣ ਕਰਦੇ ਹਨ। ਦੇਵ ਜੰਮੂ ਕਸ਼ਮੀਰ ਦਾ ਵਾਸੀ ਹੋਣ ਦੇ ਬਾਵਜੂਦ ਵੀ ਪੰਜਾਬੀ ਬੋਲੀ ਨੂੰ ਐਨਾ ਸਪਸ਼ਟ ਤੇ ਸਹੀ ਗਾਉਂਦਾ ਹੈ। ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਉਸ ਦਾ ਪੰਜਾਬੀ ਸਾਹਿਤ ਨਾਲ ਗੂੜ੍ਹਾ ਪ੍ਰੇਮ ਹੈ।"

**ਸੰਜੀਦਾ ਅਤੇ ਸੁਥਰੀ ਗਾਇਕੀ ਦੇ ਝੰਡਾ ਬਰਦਾਰ**

ਦੇਵ ਦਿਲਦਾਰ ਨੇ ਆਪਣੀ ਸੰਗੀਤਕ ਯਾਤਰਾ ਦੌਰਾਨ ਸੱਭਿਆਚਾਰਕ, ਸੰਜੀਦਾ ਅਤੇ ਸੁਥਰੀ ਗਾਇਕੀ ਦੀ ਤਰਜਮਾਨੀ ਕੀਤੀ ਅਤੇ ਹਮੇਸ਼ਾਂ ਚੰਗੀਆਂ ਰਚਨਾਵਾਂ ਨੂੰ ਹੀ ਅਹਿਮੀਅਤ ਦਿੱਤੀ ਹੈ। ਡਾ. ਸੁਰਜੀਤ ਪਾਤਰ ਦੇ ਸ਼ਬਦਾਂ ਵਿੱਚ "ਦੇਵ ਉਹਨਾਂ ਕਲਾਕਾਰਾਂ ਵਿੱਚੋਂ ਨਹੀਂ, ਜਿਹੜੇ ਅਮੀਰ ਵੀ ਹੋ ਜਾਂਦੇ ਤੇ ਵਪਾਰਿਕ ਵੀ ਹੋ ਜਾਂਦੇ ਹਨ। ਉਸ ਨੇ ਚੰਗੀ ਗਾਇਕੀ ਕਰਕੇ ਸੁਰ ਅਤੇ ਅਦਬ ਦੀ ਇੱਕ ਆਪਣੀ ਅਮੀਰੀ ਕਾਇਮ ਰੱਖੀ ਹੈ।" ਇਹ ਸਤਰਾਂ ਇਸ ਤੱਥ ਦੀ ਗਵਾਹੀ ਭਰਦੀਆਂ ਹਨ ਕਿ ਦੇਵ ਦਿਲਦਾਰ ਨੇ ਕਦੀ ਵੀ ਵਿਰਾਸਤੀ ਗਾਇਕੀ ਤੋਂ ਟੁੱਟ ਕੇ ਵਪਾਰਕ ਹੋਣ ਦਾ ਰਾਹ ਨਹੀਂ ਫੜਿਆ। ਆਪ ਨੇ ਪੰਜਾਬੀ ਗਾਇਕੀ ਦੀ ਇਸ ਵਿਰਾਸਤ ਨੂੰ ਸੰਭਾਲਣ ਤੇ ਵਿਕਸਿਤ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਨੇ ਹਮੇਸ਼ਾਂ ਹੀ ਅਰਥਪ੍ਰਧਾਨ ਰਚਨਾ ਦੀ ਚੋਣ ਕੀਤੀ, ਜਿਨ੍ਹਾਂ ਤੋਂ ਸਮਾਜ ਨੂੰ ਇੱਕ ਚੰਗਾ ਸੰਦੇਸ਼ ਮਿਲਦਾ ਹੈ। ਆਪ ਦੀ ਸੁਰੀਲੀ ਅਤੇ ਪ੍ਰਭਾਵਸ਼ਾਲੀ ਗਾਇਕੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਦੇਵ ਦਿਲਦਾਰ ਪੰਜਾਬੀ ਸੰਗੀਤ ਦਾ ਝੰਡਾ ਬਰਦਾਰ ਹੈ।

ਦੇਵ ਦਿਲਦਾਰ ਭਾਰਤ ਵਿਚਲੇ ਤੇ ਭਾਰਤ ਤੋਂ ਬਾਹਰ ਵੱਸਦੇ ਪੰਜਾਬੀ ਸੰਗੀਤ ਤੇ ਪੰਜਾਬੀ ਬੋਲੀ ਨੂੰ ਮੁਹੱਬਤ ਕਰਨ ਵਾਲੇ ਲੋਕਾਂ ਦੁਆਰਾ ਪਸੰਦ ਕੀਤਾ ਜਾਣ ਵਾਲਾ ਸੁਰੀਲਾ ਫ਼ਨਕਾਰ ਹੈ। ਵਿਦੇਸ਼ੀ ਅਖ਼ਬਾਰ ਪੰਜਾਬੀ ਪੋਸਟ ਵਿੱਚ ਲਿਖਿਆ ਹੈ– "ਦੇਵ ਦਿਲਦਾਰ ਅੱਜ ਕੱਲ੍ਹ ਦੀਆਂ ਪੰਜਾਬੀ ਗ਼ਜ਼ਲਾਂ, ਗੀਤਾਂ ਅਤੇ ਸੂਫ਼ੀਆਨਾ ਕਲਾਮਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਹੈ। ਹਾਰਮੋਨੀਅਮ ਦੀਆਂ ਸੁਰਾਂ ਉੱਤੇ ਥਿਰਕਦੇ ਉਸਦੇ ਮਾਹਿਰ ਪੋਟੇ ਤੇ ਉਸਦੀ ਸੁਰੀਲੀ ਆਵਾਜ਼ ਵਿੱਚ ਉਭਰਦਾ ਪੁਖਤਾ ਕਲਾਮ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ ਤੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ, ਡਾ. ਸੁਰਜੀਤ ਪਾਤਰ ਦੀਆਂ ਗ਼ਜ਼ਲਾਂ, ਹਰਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ ਦੇ ਗੀਤ ਇੱਕ ਅਨੂਠਾ ਜਿਹਾ ਰੰਗ ਬੰਨਦੇ ਹਨ। ਉਸਦੀ ਮਿੱਠੀ ਆਵਾਜ਼ ਵਿੱਚ ਸੁਰਾਂ ਦੀ ਲੰਮੀ ਲੜੀ ਨੂੰ ਪਰੋਣ ਵਾਲਾ ਰੇਂਜ ਹੈ।" ਵਿਦੇਸ਼ ਵੱਸਦੇ ਸੰਜੀਦਾ ਗਾਇਕੀ ਨੂੰ ਪਸੰਦ ਕਰਨ ਵਾਲੇ ਪੰਜਾਬੀਆਂ ਵਿੱਚ ਦੇਵ ਦਿਲਦਾਰ ਦੀ ਗਾਇਕ ਵਜੋਂ ਕਾਫ਼ੀ ਮਕਬੂਲੀਅਤ ਹੈ। ਜੇ ਹਿਸਾਬ ਲਉਣਾ ਹੋਵੇ ਤਾਂ ਇਹ ਸੱਚਾਈ ਹੈ ਕਿ ਉਹਨਾਂ ਦੀ ਗਾਇਕੀ ਨੂੰ ਪਸੰਦ ਕਰਨ ਵਾਲੇ ਲੋਕਾਂ ਦੀ ਤਾਦਾਦ ਵਿਦੇਸ਼ਾਂ ਵਿੱਚ ਜ਼ਿਆਦਾ ਹੈ। ਇਸ ਵਰਤਾਰੇ ਦੀ ਖ਼ੂਬਸੂਰਤੀ ਅਤੇ ਅਹਿਮੀਅਤ ਇਸ ਕਰਕੇ ਵੀ ਬਣਦੀ ਹੈ ਕਿ ਪੰਜਾਬ ਤੋਂ ਦੂਰ ਬੈਠੇ ਪੰਜਾਬੀ ਵੀ ਇਹਨਾਂ ਦੀ ਗਾਇਕੀ ਜ਼ਰੀਏ ਪੰਜਾਬੀਅਤ ਦੀ ਖ਼ੁਸ਼ਬੂ ਸਾਹਾਂ ਵਿੱਚ ਵਸਾ ਕੇ ਰੱਖਦੇ ਹਨ। ਦੇਵ ਦਿਲਦਾਰ ਨੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆਂ ਅਤੇ ਹੋਰ ਯੂਰਪੀ ਦੇਸ਼ਾਂ ਆਦਿ ਵਿੱਚ ਪੰਜਾਬੀ ਗਾਇਕੀ ਦਾ ਪ੍ਰਚਾਰ ਕੀਤਾ। ਵਿਦੇਸ਼ਾਂ ਵਿੱਚ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਕਰਵਾਏ ਗਏ ਪ੍ਰੋਗਰਾਮਾਂ ਵਿੱਚ ਗਾਇਨ ਪੇਸ਼ਕਾਰੀਆਂ ਦਿੱਤੀਆਂ ਹਨ।

ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੰਸਕ੍ਰਿਤੀ ਦੇ ਪ੍ਰਤੀ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨ ਲਈ ਡਾ. ਸੁਰਜੀਤ ਪਾਤਰ ਹੁਰਾਂ ਨਾਲ ਮਿਲ ਕੇ ਦੇਵ ਦਿਲਦਾਰ ਨੇ ਬਹੁਤ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਸਾਹਿਤਕ ਗਾਇਕੀ ਦੇ ਪ੍ਰੋਗਰਾਮ ਕੀਤੇ, ਜੋ ਕਿ ਪ੍ਰੇਰਨਾਦਾਇਕ ਸਿੱਧ ਵੀ ਹੋਏ। ਦੇਵ ਦਿਲਦਾਰ ਮੰਚਾਂ ਅਤੇ ਮਹਿਫ਼ਲਾਂ ਦੇ ਤੌਰ 'ਤੇ ਕਾਬਿਲ ਕਲਾਕਾਰ ਹਨ। ਇਹ ਆਕਾਸ਼ਵਾਣੀ ਜਲੰਧਰ ਤੋਂ ਲੋਕ ਗੀਤ ਵਿੱਚ 'ਏ ਗ੍ਰੇਡ' ਪ੍ਰਾਪਤ ਕਲਾਕਾਰ ਹਨ। ਇਹਨਾਂ ਨੇ ਦੂਰਦਰਸ਼ਨ ਦੇ ਕਈ ਚੈਨਲਾਂ ਡੀ ਡੀ-ਪੰਜਾਬੀ, ਡੀ ਡੀ-ਵੱਨ, ਡੀ ਡੀ-ਕਸ਼ੀਰ ਆਦਿ ਚੈਨਲਾਂ 'ਤੇ ਬਹੁਤ

ਸਾਰੇ ਗੀਤ ਪ੍ਰਸਾਰਿਤ ਕੀਤੇ। ਇਹਨਾਂ ਤੋਂ ਇਲਾਵਾ ਪੀ. ਟੀ. ਸੀ. ਪੰਜਾਬੀ, ਜੋਸ਼ ਟੀ. ਵੀ., ਚੜ੍ਹਦੀਕਲਾ ਟਾਈਮ ਟੀ. ਵੀ., ਜ਼ੈਡ ਈ. ਟੀ. ਸੀ. ਪੰਜਾਬੀ ਆਦਿ ਰਾਹੀਂ ਆਪਣੀ ਗਾਇਕੀ ਦੀ ਖ਼ੁਸ਼ਬੂ ਨੂੰ ਬਿਖੇਰਿਆ। ਦੇਵ ਦਿਲਦਾਰ ਨੇ ਵੱਡੇ ਪੱਧਰ 'ਤੇ ਗਾਇਆ ਹੈ ਅਤੇ ਵੱਡੀ ਤਾਦਾਦ ਵਿੱਚ ਇਹਨਾਂ ਦੀਆਂ ਰਿਕਾਰਡਿੰਗਜ਼ ਕੈਸਟਾਂ, ਸੀ. ਡੀ. ਅਤੇ ਐਲਬਮਾਂ ਰਾਹੀਂ ਮਿਲਦੀਆਂ ਹਨ।

ਦੇਵ ਦਿਲਦਾਰ ਨੂੰ ਬਹੁਤ ਸਾਰੀਆਂ ਸੰਸਥਾਵਾਂ ਸੰਗੀਤ ਵਿੱਚ ਯੋਗਦਾਨ ਲਈ ਸਨਮਾਨਿਤ ਕਰ ਚੁੱਕੀਆਂ ਹਨ। ਜਿਵੇਂ– ਸੰਨ 1996 ਵਿੱਚ ਰਿਸ਼ਮ ਕਲਾ ਮੰਚ ਲੁਧਿਆਣਾ ਵਲੋਂ 'ਬੈਸਟ ਪੰਜਾਬੀ ਗ਼ਜ਼ਲ ਸਿੰਗਰ' ਐਵਾਰਡ, ਸੰਨ 1997 ਵਿੱਚ ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਫਾਊਂਡੇਸ਼ਨ ਸ਼ਿਆਫ਼ਾ (ਰਜਿ.) ਵਲੋਂ ਸ਼ਿਵ ਕੁਮਾਰ ਬਟਾਲਵੀ 'ਸ਼ਿਵ ਕੁਮਾਰ ਬਟਾਲਵੀ' ਐਵਾਰਡ, ਸੰਨ 2005 ਵਿੱਚ ਨੌਰਥ ਜ਼ੋਨ ਕਲਚਰਲ ਸੈਂਟਰ ਅਤੇ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗੂਏਜਿਜ਼ ਜੰਮੂ ਕਸ਼ਮੀਰ ਵਲੋਂ 'ਸੂਫ਼ੀ ਐਵਾਰਡ' ਗੁਲਾਮ ਨਬੀ ਆਜ਼ਾਦ ਅਤੇ ਗਵਰਨਰ ਗਿਰੀਸ਼ ਸਕਸੈਨਾ ਦੇ ਹੱਥੋਂ ਪ੍ਰਾਪਤ ਹੋਇਆ। 23 ਜੁਲਾਈ, 2005 ਵਿੱਚ ਉੱਤਰ ਖੇਤਰ ਸੰਸਕ੍ਰਿਤਕ ਕੇਂਦਰ ਪਟਿਆਲਾ ਵਲੋਂ 'ਜੈਪੁਰ ਵਿਖੇ'ਭਾ+ਰਤੀਅ ਸੰਸਕ੍ਰਿਤੀ ਕੇ ਵਿਵਿਧ ਆਯਾਮੋ ਰਾਸ਼ਟਰੀ ਸੰਗੋਸ਼ਠੀ ਵਿੱਚ ਰਾਸ਼ਟਪਤੀ ਪ੍ਰਤਿਭਾ ਪਾਟਿਲ ਦੇ ਹੱਥੋਂ ਪੁਰਸਕਾਰ ਹਾਸਿਲ ਹੋਇਆ। ਸੰਨ 2014 ਵਿੱਚ ਸਰਬ ਅਕਾਲ ਮਿਊਜ਼ਿਕ ਸੋਸਾਇਟੀ ਕੈਲਗਰੀ ਵਲੋਂ ਪਲੇਠਾ ਪੁਰਸਕਾਰ ਪ੍ਰਾਪਤ ਹੋਇਆ।

ਅੱਜ ਦੇ ਸਮੇਂ ਵਪਾਰੀਕਰਨ ਕਾਰਨ ਜਦੋਂ ਹਰ ਕੋਈ ਕਲਾਕਾਰ ਰਾਤੋ ਰਾਤ ਸਟਾਰ ਬਣਨਾ ਅਤੇ ਅਮੀਰ ਹੋਣਾ ਚਾਹੁੰਦਾ ਹੈ, ਦੇਵ ਦਿਲਦਾਰ ਨੇ ਪੰਜਾਬੀ ਮਾਂ ਬੋਲੀ ਨੂੰ ਆਪਣੀ ਗਾਇਕੀ ਵਿੱਚ ਢਾਲ ਕੇ ਸਮਰਿੱਧ ਕੀਤਾ। ਇਸ ਤਰ੍ਹਾਂ ਦੇਵ ਦਿਲਦਾਰ ਸਾਹਿਤਕ ਰਚਨਾਵਾਂ ਨੂੰ ਪ੍ਰਤੀਬੱਧ ਗਾਇਕ ਹੈ। ਆਪ ਨੇ ਸੰਜੀਦਾ ਅਤੇ ਸੁਥਰੀ ਗਾਇਕੀ ਦੀ ਤਰਜਮਾਨੀ ਕੀਤੀ ਅਤੇ ਪੰਜਾਬੀ ਸੰਗੀਤ ਦੇ ਮਾਣ ਵਿੱਚ ਵਾਧਾ ਕੀਤਾ ਹੈ। ਸੁਰੀਲੀ ਅਤੇ ਪ੍ਰਭਾਵਸ਼ਾਲੀ ਗਾਇਕੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਦੇਵ ਦਿਲਦਾਰ ਪੰਜਾਬੀ ਸੰਗੀਤ ਦਾ ਝੰਡਾ ਬਰਦਾਰ ਹਨ।

**ਖੋਜਾਰਥਣ ਪੀਐਚ. ਡੀ (ਸੰਗੀਤ)**
**ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**
**ਸੰਪਰਕ: 9877521426**

**ਜ਼ਰੂਰੀ ਬੇਨਤੀ**
ਜੇ ਤੁਹਾਨੂੰ 'ਅਮ੍ਰਿਤ ਕੀਰਤਨ' ਮੈਗਜ਼ੀਨ ਨਹੀਂ ਚਾਹੀਦਾ ਤਾਂ ਸਾਨੂੰ ਮੋਬਾਇਲ ਨੰ: 9855640630 ਤੇ ਸੂਚਿਤ ਕਰੋ ਜੀ ।

# ਮਨਮੋਹਨ ਸਿੰਘ ਦਾਊਂ ਦੀ ਅਨੂਪਮ ਸਿਰਜਣਾ 'ਧਰਤੀ ਦੀ ਕੰਬਣੀ'

**ਡਾ.ਕਰਨੈਲ ਸਿੰਘ ਸੋਮਲ**

ਕੋਈ ਸਾਹਿਤਕਾਰ ਆਪਣੀ ਸਿਰਜਣਾਤਮਿਕਤਾ ਨੂੰ ਛੇਤੀ ਪਛਾਣ ਲਵੇ ਅਤੇ ਆਪਣੀ ਪ੍ਰਤਿਭਾ ਨੂੰ ਜਾਗਰੂਕ ਹੋ ਕੇ ਸਾਰੀ ਉਮਰ ਸਾਧਨਾ ਕਰੇ, ਤਦ ਜਿਹੜਾ ਅਨੂਪਮ ਹਾਸਲ ਹੋ ਸਕਦਾ ਹੈ, ਉਸ ਦੀ ਮਿਸਾਲ ਮਨਮੋਹਨ ਸਿੰਘ ਦਾਊਂ ਦਾ ਤੇਰ੍ਹਵਾਂ ਕਾਵਿ-ਸੰਗ੍ਰਹਿ ਧਰਤੀ ਦੀ ਕੰਬਣੀ (2024)ਹੈ। ਉਸ ਦਾ ਪਹਿਲਾ ਕਾਵਿ-ਸੰਗ੍ਰਹਿ ਖ਼ਾਮੋਸ਼ ਚਸ਼ਮਾ 1971 ਵਿੱਚ ਛਪਿਆ ਸੀ। ਮੈਂ ਇਸ ਕਵੀ ਦੀ ਕਾਵਿ-ਯਾਤਰਾ ਨੂੰ ਕਈ ਦਹਾਕਿਆਂ ਤੋਂ ਨੇੜਿਓਂ ਵੇਖਿਆ ਤੇ ਪੜ੍ਹ ਕੇ ਸਰਸ਼ਾਰ ਹੁੰਦਾ ਆਇਆ ਹਾਂ। ਦਾਊਂ ਦੀ ਸਾਹਿਤ-ਸਾਧਨਾ ਦਾ ਪ੍ਰਮਾਣ ਉਸ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਅਨੇਕਾਂ ਪੁਸਤਕਾਂ ਹਨ। ਕਮਾਲ ਇਹ ਕਿ ਉਹ ਆਪਣੇ ਸੰਪਰਕ ਵਿੱਚ ਆਏ ਹਰ ਪੁੰਗਰਦੇ ਸਾਹਿਤਕਾਰ ਨੂੰ ਭਰਵੀਂ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਦੀਆਂ ਪਲੇਠੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਵਾਉਣ ਵਿੱਚ ਚਾਉ ਨਾਲ ਸੇਧ ਅਤੇ ਅਗਵਾਈ ਦਿੰਦਾ ਹੈ। ਐਪਰ, ਉਹ ਆਪਣੀ ਸਾਹਿਤ ਸਿਰਜਣ ਆਂਤਿਰਕ ਪ੍ਰੇਰਨਾ ਨਾਲ ਕਰਦਾ ਹੈ। ਸੋਨੇ ਉੱਤੇ ਸੁਹਾਗਾ ਇਹ ਕਿ ਉਸ ਦੀ ਹਮਸਫ਼ਰ ਤੇ ਉਸ ਦੀਆਂ ਰਚਨਾਵਾਂ ਦੀ ਪਹਿਲੀ ਪਾਠਕ ਤੇ ਸੋਧਕ ਬੀਬੀ ਦਲਜੀਤ ਕੌਰ ਦਾਊਂ , ਜੋ ਖ਼ੁਦ ਵੀ ਸਥਾਪਿਤ ਕਲਮਕਾਰ ਹੈ,ਉਸ ਨੂੰ ਬਰਾਬਰ ਉਤਸਾਹਿਤ ਕਰਦੀ ਹੈ। ਇਸ ਭਾਂਤ ਦਾਊਂ ਦੀਆਂ ਸਾਹਿਤਕ ਬੁਲੰਦੀਆਂ ਤੇ ਭੱਲ ਦੀ ਉਹ (ਪਿੱਠ-ਵਰਤੀ) ਹਿੱਸੇਦਾਰ ਹੈ। ਇਸ ਪ੍ਰਕਾਰ ਇਸ ਸਾਹਿਤਕਾਰ ਦੰਪਤੀ ਦਾ ਸਾਹਿਤਿਕ ਯੋਗਦਾਨ ਵਡਿਆਈ ਯੋਗ ਹੈ।

ਦਾਊਂ ਮੂਲ ਰੂਪ ਵਿੱਚ ਕਵੀ ਹੈ। ਭਾਵੇਂ ਉਸ ਨੇ ਸਾਹਿਤ ਦੇ ਹੋਰ ਕਈ ਵਿਧਾਵਾਂ ਵਿੱਚ ਵੀ ਨਾਂ-ਕਮਾਇਆ ਹੈ। ਇੱਥੇ ਲਿਖੇ ਜਾ ਰਹੇ ਸ਼ਬਦ ਉਸ ਦੇ ਨਵ-ਪ੍ਰਕਾਸ਼ਿਤ ਕਾਵਿ-ਸੰਗ੍ਰਹਿ ਦੇ ਸੰਬੰਧ ਵਿੱਚ ਹਨ। ਇਸ ਸੰਗ੍ਰਹਿ ਦੇ 144 ਪੰਨਿਆਂ ਵਿੱਚ ਕਵੀ ਦੀਆਂ 76 ਕਵਿਤਾਵਾਂ ਦਰਜ ਹਨ। ਆਕਾਰ ਪੱਖੋਂ ਇਹ ਦਰਮਿਆਨੇ ਆਕਾਰ ਦੀਆਂ ਹਨ। ਇਨ੍ਹਾਂ ਦਾ ਪਾਠ ਕਰਦਿਆਂ ਭਾਈ ਵੀਰ ਸਿੰਘ ਚੇਤੇ ਆਉਂਦੇ ਹਨ, ਜਿਨ੍ਹਾਂ ਨੇ ਛੋਟੇ ਤੇ ਦਰਮਿਆਨੇ ਆਕਾਰ ਦੀਆਂ ਰਚਨਾਵਾਂ ਦੀ ਨਾ ਕੇਵਲ ਪਿਰਤ ਪਾਈ, ਸਗੋਂ ਪਾਠਕਾਂ ਵਿੱਚ ਮਕਬੂਲ ਕੀਤਾ। ਦਾਊਂ ਦੇ ਇਸ ਕਾਵਿ-ਸੰਗ੍ਰਹਿ ਵਿੱਚ ਸ਼ਾਮਲ ਹਰ ਕਵਿਤਾ ਆਪਣੇ ਥਾਈਂ ਸ਼ਲਾਘਾ-ਯੋਗ ਹੈ। ਸਾਰੀਆਂ ਕਵਿਤਾਵਾਂ ਵਿੱਚ ਸਾਂਝੇ ਗੁਣ ਵੀ ਹਨ ਨਾਲ ਹੀ ਹਰ ਕਵਿਤਾ ਆਪਣੀ ਵਿਲੱਖਣ ਹੈ।

ਇਸ ਕਵੀ ਦੀਆਂ ਰਚਨਾਵਾਂ ਦੀਆਂ ਕੁਝ ਉਭਰਵੀਆਂ ਸਿਫ਼ਤਾਂ ਹਨ ਕਿ ਉਹ ਕਾਵਿ-ਭਾਸ਼ਾ ਨੂੰ ਖ਼ੂਬ ਸਿਰਜਦਾ ਅਤੇ ਸਜਾਉਂਦਾ ਹੈ। ਉਸ ਦੀ ਸ਼ਬਦ-ਚੋਣ (ਦਚਿਟੋਨਿ ) ਪਾਠਕ ਦਾ ਧਿਆਨ ਖਿੱਚਦੀ ਹੈ। ਉਸ ਦੇ ਅਨੇਕਾਂ ਸ਼ਬਦ ਜਾਣੋ ਸੰਕਲਪ ਹਨ। ਇਨ੍ਹਾਂ ਵਿੱਚ ਪੁਆਧ ਦੇ ਖਿੱਤੇ ਦੀ ਸੱਭਿਆਚਾਰਿਕ ਅਮੀਰੀ, ਭਾਸ਼ਾਈ ਸਮਰੱਥਾ ਅਤੇ ਮਿੱਟੀ ਦੀ ਖ਼ੁਸ਼ਬੂ ਹੈ। ਇਹ ਕਵਿਤਾਵਾਂ ਸਜੀਵ ਚਿਤਰਣ ਹਨ, ਕੰਮਾਂ-ਕਾਰਾਂ ਦੇ, ਕਿਰਤੀਆਂ ਦੇ, ਅਣਗੌਲੇ ਮਨੁੱਖਾਂ ਦੇ। ਇਨ੍ਹਾਂ ਵਿੱਚ ਮਾਨਵੀ ਮੋਹ ਹੈ, ਪ੍ਰਕਿਰਤੀ ਨਾਲ ਮਨੁੱਖ ਦਾ ਲਗਾਉ ਹੈ, ਹਿਰਦਿਆਂ ਦੀ ਨਿਰਮਲਤਾ ਹੈ। ਕਮਾਲ ਦੀ ਗੱਲ ਇਹ ਕਿ ਇਸ ਖਿੱਤੇ ਦੇ ਬਾਸ਼ਿੰਦਿਆਂ ਦਾ ਸੁਹਜ, ਸਰਲਤਾ ਅਤੇ ਸਹਿਜ ਚਿਤਰੇ ਗਏ ਹਨ। ਅਜੋਕੀਆਂ ਵੱਡੀਆਂ ਤਬਦੀਲੀਆਂ ਦੇ ਸਨਮੁਖ ਖ਼ੌਫ਼ ਅਤੇ ਦਬਾਵਾਂ ਦਾ ਪ੍ਰਗਟਾਵਾ ਵੀ ਹੈ। ਇਹ ਤਬਦੀਲੀਆਂ ਸਹਿਜ ਹੁੰਦੀਆਂ ਤਦ ਮਨੁੱਖਾਂ ਦੇ ਮਨਾਂ ਵਿੱਚ ਖ਼ੂਬਸੂਰਤੀ ਪੈਦਾ ਕਰਦੀਆਂ। ਇਹ ਪਰਿਵਰਤਨ ਝਟਕੇ ਦੇਣ ਵਾਲੇ ਸਾਬਤ ਹੋਏ ਹਨ। ਪੂੰਜੀਵਾਦ ਦੇ ਤੇਜ਼

ਪ੍ਰਭਾਵਾਂ ਦੀਆਂ ਧੁੱਸਾਂ ਨੇ ਅਸਤ-ਵਿਅਸਤ ਹੋਣ ਦੀਆਂ ਹਾਲਤਾਂ ਵਧੇਰੇ ਪੈਦਾ ਕੀਤੀਆਂ ਹਨ। ਰੂਹਾਂ ਨੂੰ ਵਲੂੰਧਰਦੇ ਵਰਤਾਰੇ ਇਸ ਸੰਗ੍ਰਹਿ ਵਿੱਚ ਬਾਕਾਇਦਾ ਦਰਜ ਹੋਏ ਹਨ। ਕਵੀ ਜਿਸ ਪੀੜ੍ਹੀ ਨਾਲ ਸੰਬੰਧਿਤ ਹੈ, ਉਸ ਨੇ ਇੱਥੋਂ ਦੀ ਪਹਿਲਾਂ ਵਾਲੀ ਟਿਕਵੀਂ, ਸਹਿਜ ਤੋਰ ਵਾਲੀ ਜ਼ਿੰਦਗੀ ਵੇਖੀ ਹੈ। ਹੁਣ ਵਾਲੀ ਤਰਥੱਲੀ ਵਾਲੀ ਹਾਲਤ ਵੀ ਬਰਦਾਸ਼ਤ ਕੀਤੀ ਹੈ। ਚੰਡੀਗੜ੍ਹ ਉਸਰੇ ਨੂੰ ਬੜੇ ਸਾਲ ਹੋ ਗਏ ਹਨ ਪਰ ਪਹਿਲਾਂ ਦੀ ਅਤੇ ਹੁਣ ਵਾਲੀ ਜੀਵਨ-ਚਾਲ ਵਿੱਚ ਇਕਸੁਰਤਾ ਅਜੇ ਕਾਇਮ ਨਹੀਂ ਹੋਈ।

ਦਾਊਂ ਦੇ ਇੱਕ ਗੀਤ ਵਿੱਚ ਜਿਹੜੀ ਹੂਕ ਨੂੰ ਪ੍ਰਗਟਾਇਆ ਗਿਆ ਹੈ, ਬੜੀ ਧੂਹ ਪਾਉਂਦੀ ਹੈ:

ਉੱਡ ਗਏ ਤਿੱਤਰ ਮੋਰ ਨੀ ਮਾਏ
ਉੱਡ ਜਾਣੇ ਕੁਝ ਹੋਰ ਨੀ ਮਾਏ,
ਵੇਖ ਨਹੀਂ ਹੁੰਦੀ ਅੱਖੀਆਂ ਸਾਹਵੇਂ
ਸਮਿਆਂ ਦੀ ਇਹ ਤੋਰ ਨੀ ਨਾਏ। (ਪੰਨਾ 82)

ਇਸ ਕਾਵਿ-ਸੰਗ੍ਰਹਿ ਦੇ ਦੂਜੇ ਸਰਗ ਦੀਆਂ ਸਾਰੀਆਂ ਕਵਿਤਾਵਾਂ ਸਮੇਂ ਦੇ 'ਲੰਘ ਗਏ ਦਰਿਆ' ਦੇ ਹੇਰਵਿਆਂ ਨਾਲ ਭਰੀਆਂ ਹਨ। ਇੱਕ-ਇੱਕ ਸ਼ਬਦ ਉਸ ਧਰਾਤਲ ਨੂੰ ਚਿਤਰਦਾ ਹੈ ਜਿਹੜਾ ਸਾਨੂੰ ਬਹੁਤ ਸੋਹਣਾ ਲੱਗਦਾ ਸੀ, ਜਿੱਥੇ ਹਰੇਕ ਬਾਸ਼ਿੰਦੇ ਲਈ ਥਾਂ ਸੀ, ਅਪਣੱਤ ਦੀਆਂ ਤੰਦਾਂ ਸਨ, ਜਿੱਥੇ ਥੋੜ੍ਹੇ ਨਾਲ ਵੀ ਸਰ ਜਾਂਦਾ ਸੀ, ਸਬਰ-ਸੰਤੋਖ ਰਹਿੰਦਾ ਸੀ। ਉਦੋਂ ਕਿਰਤ, ਮਨੁੱਖ ,ਉਸ ਦਾ ਵਿਰਸਾ ਅਤੇ ਪ੍ਰਕਿਰਤੀ ਇਕ-ਮਿਕ ਹੋਏ ਸਨ, ਇਕਸੁਰ ਸਨ, ਰੀਝਾਉਣ ਵਾਲਾ ਬਹੁਤਾ ਸੀ, ਉਦਾਸ ਕਰਨ ਵਾਲਾ ਬਹੁਤ ਥੋੜ੍ਹਾ ਸੀ।

'ਪੇਂਡੂ ਘਰ' ਨਾਂ ਦੀ ਕਵਿਤਾ (ਪੰਨਾ 38) ਖ਼ਾਸ ਤੌਰ ਤੇ ਪੜ੍ਹਨ ਵਾਲੀ ਹੈ। ਮੱਧ-ਵਰਗ ਦੇ ਅਜੋਕੇ ਘਰਾਂ ਵਿੱਚ ਸੁਖ਼ ਸਹੂਲਤਾਂ ਵਾਲਾ ਸਮਾਨ ਸਾਰੇ ਘਰ ਨੂੰ ਮੱਲ ਲੈਂਦਾ ਹੈ ਪਰ ਨਾ 'ਉਹ' ਸੁੱਖ ਅਤੇ ਨਾ ਸ਼ਾਂਤੀ।

ਵਾਰਤਕ ਦੇ ਮੁਕਾਬਲੇ ਕਵਿਤਾ ਦੀ ਇਹ ਸ਼ਕਤੀ ਮੰਨੀ ਹੋਈ ਹੈ ਕਿ ਇਹ ਅਨੇਕ-ਪਰਤੀ ਅਤੇ ਸਰਵ ਸਮਿਆਂ ਲਈ ਹੁੰਦੀ ਹੈ। ਕਵੀ ਦਾਊਂ ਦੀਆਂ ਇਨ੍ਹਾਂ ਪਿਆਰੀਆਂ ਕਵਿਤਾਵਾਂ ਦੀਆਂ ਸਿਫ਼ਤਾਂ ਅਕੱਥ ਹਨ, ਸਿਰਫ਼ ਸੰਕੇਤ ਮਾਤਰ ਕਿਹਾ ਜਾ ਸਕਦਾ ਹੈ ਕਿ ਇਹ ਮਨੁੱਖ ਦੀ ਹੋਣੀ, ਉਸ ਦੇ ਸਮਿਆਂ ਦੀਆਂ ਵਿਡੰਬਣਾਵਾਂ ਤੇ ਵਿਰੋਧਤਾਈਆਂ ਨੂੰ ਚਿਤਰਦੀਆਂ ਹੋਈਆਂ, ਸਮੁੱਚੇ ਤੌਰ ਤੇ 'ਜੀਵਨ ਦੀ ਸਦਾ ਹੀ ਜੈ'ਦੀ ਸੁਰ ਬੁਲੰਦ ਕਰਦੀਆਂ ਹਨ। ਇਹ ਕਾਵਿ-ਸੰਗ੍ਰਹਿ ਕਵੀ ਦੇ ਸੁਹਜ,ਚਿੰਤਨ ਅਤੇ ਸਮਿਆਂ ਤੋਂ ਪਾਰ ਜਾਣ ਦੀ ਪ੍ਰਤਿਭਾ ਦੀ ਗਵਾਹੀ ਭਰਦੀਆਂ ਹਨ। ਅੰਤ ਵਿੱਚ ਖਿਮਾ ਚਾਹੁੰਦਾ ਹੈ ਕਿ ਮੈਂ ਇਸ ਕਵਿਤਾ ਬਾਰੇ ਪੂਰੀ ਤਰ੍ਹਾਂ ਗੱਲ ਨਹੀਂ ਕਰ ਸਕਿਆ। ਉਮੀਦ ਹੈ ਵਿਦਵਾਨ ਅਤੇ ਸਬੁੱਧ ਆਲੋਚਕ ਇਸ ਪੁਸਤਕ ਦਾ ਆਪਣੇ ਆਪਣੇ ਨਜ਼ਰੀਏ ਤੋਂ ਮੁੱਲ ਪਾਉਣਗੇ। ਭਾਵੇਂ ਇਹ ਸੰਗ੍ਰਹਿ ਕਿਸੇ ਵੀ ਖਿੱਤੇ ਲਈ ਵਿਸ਼ੇਸ਼ ਹੋ ਸਕਦਾ ਹੈ, ਪਰ ਪੁਆਧ ਦੀ ਆਤਮਾ ਦੇ ਪ੍ਰਗਟਾਵੇ ਵਜੋਂ ਇਹ ਸੱਚ-ਮੁੱਚ ਬਹੁਤਾ ਹੀ ਖ਼ਾਸ ਹੈ।

**ਮੋ: 88476-47101**

## राग प्रदीपकी अथवा पटदीपकी

ਸੂ. ਗੁਰਬਖਸ਼ ਸਿੰਘ

काफी थाट से उत्पन्न होने वाला यह राग भीमपलासी अंग से गाया बजाया जाता है। इसके आरोह में ऋषभ धैवत वर्जित और अवरोह में सभी स्वरों का प्रयोग होता है। इस राग में दोनों गंधार तथा दोनों निषाद लगते हैं, अन्य स्वर शुद्ध हैं। शुद्ध गंधार और शुद्ध निषाद आरोह में और कोमल निषाद और कोमल गंधाार अवरोह में। कोमल निषाद आरोह में भी लगा हुआ दिखाई देता है। इस राग का विस्तार ज़्यादातर मंद्र और मध्य सप्तक में होता है। इसका निकटवर्ती राग हंसकिकणी है किन्तु प्रदीपकी का संवादी स्वर मध्यम होने के कारण ये हंसकिकणी से भिन्न हो जाता है। इस राग का संवादी स्वर षड़ज है, गायन समय दिन का तृतीय पहर है।

**आरोह :** सा, ग म, प नि सां

**अवरोह :** सां नि ध प, म, ग रे सा

**मुख्य अंग :** ग म, प ग – मगरेसा

**चलन :** सा ऩि सा, ऩि ध़ प़, ऩि सा, म ग रे सा, ऩि सा ग रे सा। सा, ऩि ध़ प़, म़ प़ ऩि सा। ऩि सा ग म, म ग रे सा, ऩि सा ग म ग रे सा। ऩि प़ ऩि सा, म़ प़ ऩि सा, सा ग म प ग – रे सा। ऩि सा ग म, म ग म प, प ^म^ग, म ग रे सा। सा ग म प, प नि प ध प, प ग म, म ग रे सा। सा ग म प, ग म प नि ध प, म प ग म, प ग म, म ग रे सा, म प ग म प नि ध प, म प नि सां। प नि सां गं मं, मं गं रें सां, सां नि ध प म ग म, प ग म – म ग रे सा।

## प्रदीपकी (झप ताल)

*हरि का नामु रिदै नित धिआई ॥ संगी साथी सगल तरांई ॥१ ॥*
*गुरु मेरै संगि सदा है नाले ॥ सिमरि सिमरि तिसु सदा सम्हाले ॥१ ॥ रहाउ॥*
*तेरा कीआ मीठा लागै ॥ हरि नामु पदारथु नानकु मांगै ॥२ ॥*
*( आसा महला ५ ) अंग ३९४*

## स्थाई

| | | | | | | | | | |
|---|---|---|---|---|---|---|---|---|---|
| ऩि | सा | ग | म | ग | म | – | ग | – | म |
| गु | र | मे | ऽ | रै | सं | ऽ | ग | ऽ | स |

RNI Regd.No. 46788/89 ISSN 0972-2335

| | | | | | | | | | |
|---|---|---|---|---|---|---|---|---|---|
| ग | – | म | ग | म | ग॒ | रे | सा | नि़ | सा |
| दा | ऽ | है | ऽ | ऽ | ना | ऽ | ले | ऽ | ऽ |
| नि़ | सा | ग | – | म | प | प | म | ग | म |
| सि | म | र | ऽ | सि | म | र | ति | ऽ | स |
| नि॒ | ध | प | ध | मप | ग | म | ग॒ | रे | सा |
| स | दा | ऽ | ऽ | सऽ | मा | ऽ | ले | ऽ | ऽ |
| x | | २ | | | ० | | ३ | | |

## अंतरा

| | | | | | | | | | |
|---|---|---|---|---|---|---|---|---|---|
| प | म | ग | म | प | नि | – | सां | – | सां |
| ह | र | का | ऽ | ऽ | ना | ऽ | म | ऽ | रि |
| नि॒ | ध | प | नि | सां | गं॒गं॒ | रें | सां | – | – |
| दै | ऽ | नि | ऽ | त | धिआ | ऽ | ई | ऽ | ऽ |
| नि॒ | – | नि॒ | ध | प | प | ध | प | म | ग |
| सं | ऽ | गी | ऽ | ऽ | सा | ऽ | थी | ऽ | ऽ |
| सा | ग | म | – | प | नि॒ | ध | प | – | – |
| स | ग | ल | ऽ | त | रा | ऽ | ई | ऽ | ऽ |
| सा | ग | म | प | म | ग | म | प | नि | सां |
| सि | म | र | ऽ | सि | म | र | ति | ऽ | स |
| नि॒ | ध | | | | | | | | |
| स | दा | | | | | | | | |
| x | | २ | | | ० | | ३ | | |

M.: +44 7443 657800